Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 271 | 17/03/2026 | www.samajweekly.com | samajweekly | @samajweekly | samajweekly

# ਪੱਛਮੀ ਬੰਗਾਲ ਚੋਣਾਂ ਤੋਂ ਪਹਿਲਾਂ ਚੋਣ ਕਮਿਸ਼ਨ ਦੀ ਵੱਡੀ ਕਾਰਵਾਈ, ਅਧਿਕਾਰੀਆਂ ਦੀ ਬਦਲੀ ’ਤੇ ਸਿਆਸੀ ਤਕਰਾਰ

**ਕੋਲਕਾਤਾ/ਨਵੀਂ ਦਿੱਲੀ**

ਪੱਛਮੀ ਬੰਗਾਲ ’ਚ ਵਿਧਾਨ ਸਭਾ ਚੋਣਾਂ ਦੇ ਐਲਾਨ ਤੋਂ ਇਕ ਦਿਨ ਬਾਅਦ ਹੀ ਚੋਣ ਕਮਿਸ਼ਨ ਨੇ ਮੁੱਖ ਸਕੱਤਰ ਅਤੇ ਡੀ ਜੀ ਪੀ ਸਮੇਤ ਸਿਖਰਲੇ ਅਧਿਕਾਰੀਆਂ ਨੂੰ ਅਹੁਦਿਆਂ ਤੋਂ ਲਾਂਭੇ ਕਰ ਦਿੱਤਾ। ਸਿਵਲ ਅਤੇ ਪੁਲੀਸ ਅਧਿਕਾਰੀਆਂ ਨੂੰ ਹਟਾਉਣ ਮਗਰੋਂ ਭਾਜਪਾ ਅਤੇ ਪੱਛਮੀ ਬੰਗਾਲ ਦੀ ਹੁਕਮਰਾਨ ਧਿਰ ਤ੍ਰਿਣਮੂਲ ਕਾਂਗਰਸ ਦੇ ਆਗੂ ਮਿਹਣੋ-ਮਿਹਣੀ ਹੋ ਗਏ ਹਨ। ਇਸ ਮੁੱਦੇ ’ਤੇ ਤ੍ਰਿਣਮੂਲ ਕਾਂਗਰਸ ਦੇ ਮੈਂਬਰਾਂ ਨੇ ਅੱਜ ਰਾਜ ਸਭਾ ’ਚੋਂ ਵਾਕਆਊਟ ਕੀਤਾ। ਚੋਣ ਕਮਿਸ਼ਨ ਨੇ ਕਿਹਾ ਕਿ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਵੱਲੋਂ ਪੱਛਮੀ ਬੰਗਾਲ ’ਚ ਆਜ਼ਾਦ ਅਤੇ ਨਿਰਪੱਖ ਚੋਣਾਂ ਕਰਾਉਣ ਦੇ ਦਿੱਤੇ ਗਏ ਭਰੋਸੇ ਤਹਿਤ ਹੀ ਅਧਿਕਾਰੀਆਂ ਦੀਆਂ ਬਦਲੀਆਂ ਕੀਤੀਆਂ ਹਨ, ਹਟਾਏ ਅਧਿਕਾਰੀਆਂ ਨੂੰ ਚੋਣਾਂ ਨਾਲ ਸਬੰਧਤ ਕਿਸੇ ਵੀ ਅਹੁਦੇ ’ਤੇ ਤਾਇਨਾਤ ਨਹੀਂ ਕੀਤਾ ਜਾਵੇਗਾ।

ਚੋਣ ਕਮਿਸ਼ਨ ਨੇ ਐਤਵਾਰ ਦੇਰ ਰਾਤ ਪੱਛਮੀ ਬੰਗਾਲ ਦੇ ਮੁੱਖ ਸਕੱਤਰ ਨੰਦਿਨੀ ਚੱਕਰਵਰਤੀ ਤੇ ਗ੍ਰਹਿ ਸਕੱਤਰ ਜਗਦੀਸ਼ ਪ੍ਰਸਾਦ ਮੀਨਾ ਅਤੇ ਸੋਮਵਾਰ ਨੂੰ ਜਾਰੀ ਹੁਕਮਾਂ ਤਹਿਤ ਸੂਬੇ ਦੇ ਡੀ ਜੀ ਪੀ ਪਿਯੂਸ਼ ਪਾਂਡੇ ਤੇ ਕੋਲਕ-ਤਾ ਦੇ ਪੁਲੀਸ ਕਮਿਸ਼ਨਰ ਸੁਪ੍ਰਤਿਮ ਸਰਕਾਰ ਨੂੰ ਹਟਾ ਦਿੱਤਾ। ਕਮਿਸ਼ਨ ਨੇ ਉੱਤਰੀ ਬੰਗਾਲ ਵਿਕਾਸ ਵਿਭਾਗ ਦੇ ਵਧੀਕ ਮੁੱਖ ਸਕੱਤਰ ਨੂੰ ਸੂਬੇ ਦਾ ਮੁੱਖ ਸਕੱਤਰ ਨਿਯੁਕਤ ਕੀਤਾ ਹੈ। ਚੋਣ ਕਮਿਸ਼ਨ ਨੇ ਮਹਿਲਾ ਤੇ ਬਾਲ ਵਿਕਾਸ ਵਿਭਾਗ ਦੀ ਸਕੱਤਰ ਸੰਘਮਿੱਤਰਾ ਘੋਸ਼ ਨੂੰ ਗ੍ਰਹਿ ਸਕੱਤਰ ਲਾਇਆ ਹੈ। ਇਸੇ ਤਰ੍ਹਾਂ ਘੁਸਪੈਠ ਵਿਰੋਧੀ ਬਲ ਦੇ ਏ ਡੀ ਜੀ ਸਿੱਧਨਾਥ ਗੁਪਤਾ ਨੂੰ ਡੀ ਜੀ ਪੀ ਅਤੇ ਅਜੈ ਕੁਮਾਰ ਨੰਦ ਨੂੰ ਕੋਲਕਾਤਾ



ਪੁਲੀਸ ਕਮਿਸ਼ਨਰ ਬਣਾਇਆ ਹੈ। ਕਮਿਸ਼ਨ ਨੇ ਏ ਡੀ ਜੀ (ਅਮਨ ਕਾਨੂੰਨ) ਵਿਨੀਤ ਗੋਇਲ ਦੀ ਥਾਂ ’ਤੇ ਅਜੈ ਮੁਕੰਦ ਰਾਨਾਡੇ ਨੂੰ ਕਾਰਜਭਾਰ ਸੌਂਪਿਆ ਹੈ। ਤ੍ਰਿਣਮੂਲ ਕਾਂਗਰਸ ਦੇ ਆਗੂ ਡੈਰੇਕ ਓ’ਬ੍ਰਾਇਨ ਨੇ ਅਧਿਕਾਰੀਆਂ ਨੂੰ ਹਟਾਉਣ ਦਾ ਮੁੱਦਾ ਰਾਜ ਸਭਾ ’ਚ ਸਿਫਰਕਾਲ ਦੌਰਾਨ ਚੁੱਕਿਆ। ਉਨ੍ਹਾਂ ਇਸ ਫ਼ੈਸਲੇ ਦੇ ਵਿਰੋਧ ’ਚ ਸਦਨ ’ਚੋਂ ਵਾਕਆਊਟ ਕੀਤਾ। ਪਾਰਟੀ ਦੀ ਇਕ ਹੋਰ ਆਗੂ ਸੌਗਾਤਾ ਰੌਏ ਨੇ ਅਧਿਕਾਰੀਆਂ ਦੇ ਤਬਾਦਲੇ ਨੂੰ ਗਲਤ ਕਰਾਰ ਦਿੱਤਾ। ਤ੍ਰਿਣਮੂਲ ਦੇ ਸੰਸਦ ਮੈਂਬਰ ਕੀਰਤੀ ਆਜ਼ਾਦ ਨੇ ਦੋਸ਼ ਲਾਇਆ ਕਿ ਚੋਣ ਕਮਿਸ਼ਨ ਭਾਜਪਾ ਦੀ ਜਥੇਬੰਦੀ ਵਜੋਂ ਕੰਮ ਕਰ ਰਿਹਾ ਹੈ। ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਦੋਸ਼ ਲਾਇਆ ਕਿ ਜਿਨ੍ਹਾਂ ਸੂਬਿਆਂ ’ਚ ਭਾਜਪਾ ਦੀਆਂ ਸਰਕਾਰਾਂ ਨਹੀਂ ਹਨ, ਉਥੇ ਅਧਿਕਾਰੀਆਂ ਨੂੰ ਰੁਟੀਨ ’ਚ ਹਟਾ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ’ਚ ਭਾਜਪਾ ਦੀ ਸਰਕਾਰ ਹੈ ਪਰ ਉਥੇ ਚੋਣਾਂ ਦੌਰਾਨ ਅਜਿਹੀ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ ਹੈ ਜਦਕਿ ਅਧਿਕਾਰੀਆਂ ਦੀ ਕਈ ਵਾਰ ਸ਼ਿਕਾਇਤ ਕੀਤੀ ਜਾਂਦੀ ਹੈ।

# ਬਾਬੂ ਕਾਂਸ਼ੀ ਰਾਮ ਜੀ ਲਈ ਭਾਰਤ ਰਤਨ ਦੀ ਮੰਗ ਵਾਲਾ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਪੇਸ਼ ਮਤਾ ਵਿਧਾਨ ਸਭਾ ਦੁਆਰਾ ਸਰਬਸੰਮਤੀ ਨਾਲ ਪਾਸ

## 'ਬਾਬੂ ਕਾਂਸ਼ੀ ਰਾਮ ਜੀ ਨੇ ਬਾਬਾ ਸਾਹਿਬ ਅੰਬੇਡਕਰ ਜੀ ਦੀ ਵਿਚਾਰਧਾਰਾ ਨੂੰ ਅੱਗੇ ਵਧਾਇਆ ਅਤੇ ਸਮਾਜਿਕ-ਆਰਥਿਕ ਬਰਾਬਰੀ ਦਾ ਸੰਦੇਸ਼ ਘਰ-ਘਰ ਪਹੁੰਚਾਇਆ'

**ਚੰਡੀਗੜ੍ਹ।** ਦੇਸ਼ ਵੱਲੋਂ ਉਨ੍ਹਾਂ ਦੀ 92ਵੀਂ ਜਯੰਤੀ ਮਨਾਉਣ ਤੋਂ ਠੀਕ ਇਕ ਦਿਨ ਬਾਅਦ, ਉੱਘੇ ਸਮਾਜ ਸੁਧਾਰਕ ਅਤੇ ਰਾਜਨੀਤਿਕ ਨੇਤਾ ਬਾਬੂ ਕਾਂਸ਼ੀ ਰਾਮ ਜੀ ਲਈ ਭਾਰਤ ਰਤਨ ਦੀ ਮੰਗ ਕਰਦਾ ਇੱਕ ਇਤਿਹਾਸਕ ਮਤਾ ਅੱਜ ਪੰਜਾਬ ਵਿਧਾਨ ਸਭਾ ਵੱਲੋਂ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਪੇਸ਼ ਕੀਤੇ ਗਏ ਇਸ ਮਤੇ ਵਿੱਚ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਮਰਨ ਉਪਰੰਤ ਭਾਰਤ ਦਾ ਸਰਵਉੱਚ ਨਾਗਰਿਕ ਸਨਮਾਨ ਪ੍ਰਦਾਨ ਕਰੇ। ਇਸ ਮਤੇ ਨੂੰ ਪੂਰੇ ਸਦਨ ਵਿੱਚ ਸਰਬਸੰਮਤੀ ਨਾਲ ਸਮਰਥਨ ਮਿਲਿਆ, ਅਤੇ ਪੰਜਾਬ ਸਰਕਾਰ ਇਸ ਮਜ਼ਬੂਤ ਸਿਫਾਰਸ਼ ਨੂੰ ਕੇਂਦਰ ਨੂੰ ਭੇਜੇਗੀ। ਮਤਾ ਪੇਸ਼ ਕਰਨ ਦੌਰਾਨ ਉੱਗੇ ਆਗੂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, “ਬਾਬੂ ਕਾਂਸ਼ੀ ਰਾਮ ਜੀ ਨੇ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ ਅਤੇ ਸਮਾਜਿਕ-ਆਰਥਿਕ ਬਰਾਬਰੀ ਦਾ ਸੰਦੇਸ਼ ਹਰ ਘਰ ਤੱਕ ਪਹੁੰਚਾਇਆ। ਬਾਬੂ ਕਾਂਸ਼ੀ ਰਾਮ ਜੀ ਬੇਮਿਸਾਲ ਇਮਾਨਦਾਰੀ ਦੇ ਪ੍ਰਤੀਕ ਸਨ। ਉਨ੍ਹਾਂ ਨੇ ਆਪਣੇ ਨਾਂ 'ਤੇ ਕਿਸੇ ਵੀ ਜਾਇਦਾਦ, ਜ਼ਮੀਨ ਜਾਂ ਬੈਂਕ ਖਾਤੇ ਤੋਂ ਬਿਨਾਂ ਬਤੀਤ ਕੀਤਾ ਅਤੇ ਇਸੇ ਤਰ੍ਹਾਂ ਹੀ ਸੰਸਾਰ ਨੂੰ ਅਲਵਿਦਾ ਕਿਹਾ।” ਉਨ੍ਹਾਂ ਨੇ ਅੱਗੇ ਕਿਹਾ, “ਬਾਬੂ ਕਾਂਸ਼ੀ ਰਾਮ ਜੀ ਨੇ ਜਾਤ-ਪਾਤ ਦੇ ਵਿਤਕਰੇ ਵਿਰੁੱਧ ਲੜਨ ਲਈ



ਪੁਣੇ ਵਿੱਚ ਇੱਕ ਗਜ਼ਟਿਡ ਅਫ਼ਸਰ ਵਜੋਂ ਆਪਣਾ ਕਰੀਅਰ ਕੁਰਬਾਨ ਕਰ ਦਿੱਤਾ। ਪਹਿਲਾਂ ਆਲ ਇੰਡੀਆ ਬੈਕਵਰਡ ਐਂਡ ਮਾਈਨਾਰਿਟੀ ਕਮਿਊਨਿਟੀਜ਼ ਇੰਪਲਾਈਜ਼ ਫੈਡਰੇਸ਼ਨ (ਬੀਏਐਮਸੀਈਐਫ਼) ਬਣਾ ਕੇ ਅਤੇ ਬਾਅਦ ਵਿੱਚ ਸਰਗਰਮ ਰਾਜਨੀਤੀ ਵਿੱਚ ਦਾਖਲ ਹੋ ਕੇ, ਉਨ੍ਹਾਂ ਨੇ ਗਰੀਬ ਅਤੇ ਮੱਧ-ਵਰਗੀ ਪਿਛੋਕੜ ਵਾਲੇ ਹਜ਼ਾਰਾਂ ਨੌਜਵਾਨਾਂ ਨੂੰ ਕੌਮੀ ਰਾਜਨੀਤਿਕ ਅਖਾੜੇ ਵਿੱਚ ਉਤਰਨ ਲਈ ਸਸ਼ਕਤ ਕੀਤਾ।” ਨੇਤਾ ਦੇ ਜੀਵਨ ਅਤੇ ਰਾਜਨੀਤਿਕ ਸਫ਼ਰ ਬਾਰੇ ਚਾਨਣਾ ਪਾਉਂਦਿਆਂ, ਹਰਪਾਲ ਸਿੰਘ ਚੀਮਾ ਨੇ ਕਿਹਾ, “ਬਾਬੂ ਕਾਂਸ਼ੀ ਰਾਮ ਜੀ ਦਾ ਜਨਮ 15 ਮਾਰਚ, 1934 ਨੂੰ ਰੋਪੜ ਦੇ ਖਵਾਸਪੁਰਾ ਵਿੱਚ ਹੋਇਆ ਸੀ ਅਤੇ ਉਨ੍ਹਾਂ ਨੇ ਸਰਕਾਰੀ ਕਾਲਜ, ਰੋਪੜ ਤੋਂ ਆਪਣੀ ਗ੍ਰੈਜੂਏਸ਼ਨ ਪੂਰੀ ਕੀਤੀ। ਉਨ੍ਹਾਂ ਨੇ ਬਾਅਦ ਵਿੱਚ 1991 ਵਿੱਚ ਉੱਤਰ ਪ੍ਰਦੇਸ਼ ਦੇ ਇਟਾਵਾ ਅਤੇ 1996 ਵਿੱਚ ਪੰਜਾਬ ਦੇ ਹੁਸ਼ਿਆਰਪੁਰ ਦੀ ਨੁਮਾਇੰਦਗੀ ਕਰਦਿਆਂ ਸੰਸਦ ਮੈਂਬਰ ਵਜੋਂ ਸੇਵਾ ਨਿਭਾਈ, ਅਤੇ ਇਸ ਤੋਂ ਬਾਅਦ ਰਾਜ ਸਭਾ ਵਿੱਚ ਵੀ ਸੇਵਾਵਾਂ ਦਿੱਤੀਆਂ।”

ਨੇਤਾ ਦੀ ਵਿਰਾਸਤ ਦਾ ਸਨਮਾਨ ਕਰਨ ਲਈ ਹਾਲ ਹੀ ਦੀਆਂ ਪਹਿਲਕਦਮੀਆਂ ਬਾਰੇ ਬੋਲਦਿਆਂ ਵਿੱਤ ਮੰਤਰੀ ਨੇ ਅੱਗੇ ਕਿਹਾ, “ਹਾਲ ਹੀ ਵਿੱਚ, ਆਪਣੇ ਕੈਬਨਿਟ ਸਾਥੀ ਹਰਜੋਤ ਸਿੰਘ ਬੈਂਸ ਦੇ ਨਾਲ, ਮੈਂ ਬਾਬੂ ਕਾਂਸ਼ੀ ਰਾਮ ਜੀ ਨਾਲ ਸਬੰਧਤ ਰੋਪੜ ਦੇ ਪਿੰਡ ਖਵਾਸਪੁਰਾ ਅਤੇ ਆਨੰਦਪੁਰ ਸਾਹਿਬ ਦੇ ਪਿਰਥੀਪੁਰ ਬੁੰਗਾ ਦਾ ਦੌਰਾ ਕੀਤਾ। ਉਨ੍ਹਾਂ ਦੀ ਵਿਰਾਸਤ ਨੂੰ ਸਥਾਨਕ ਤੌਰ 'ਤੇ ਸਨਮਾਨਿਤ ਕਰਨ ਲਈ, ਪੰਜਾਬ ਸਰਕਾਰ ਨੇ ਇੱਕ ਸਥਾਨਕ ਸਕੂਲ ਦੇ ਪੁਨਰ-ਨਿਰਮਾਣ ਅਤੇ ਅਪਗ੍ਰੇਡੇਸ਼ਨ ਲਈ ₹2 ਕਰੋੜ ਦੀ ਗ੍ਰਾਂਟ ਅਲਾਟ ਕੀਤੀ ਹੈ, ਜਿਸ ਦਾ ਨਾਮ ਬਾਬੂ ਕਾਂਸ਼ੀ ਰਾਮ ਜੀ ਦੇ ਨਾਮ 'ਤੇ ਰੱਖਿਆ ਜਾਵੇਗਾ। ਇਸ ਤੋਂ ਇਲਾਵਾ, ਸਰਕਾਰ ਨੇ ਆਉਣ ਵਾਲੀਆਂ ਪੀੜ੍ਹੀਆਂ ਲਈ ਉਨ੍ਹਾਂ ਦੇ ਇਤਿਹਾਸਕ ਪ੍ਰਭਾਵ ਨੂੰ ਸੁਰੱਖਿਅਤ ਰੱਖਣ ਲਈ ਉਨ੍ਹਾਂ ਦੇ ਜੱਦੀ ਪਿੰਡ ਵਿੱਚ ਇੱਕ ਉੱਚ ਪੱਧਰੀ ਲਾਇਬ੍ਰੇਰੀ ਅਤੇ ਇੱਕ ਆਧੁਨਿਕ ਆਡੀਟੋਰੀਅਮ ਦੇ ਨਿਰਮਾਣ ਨੂੰ ਮਨਜ਼ੂਰੀ ਦੇ ਦਿੱਤੀ ਹੈ।”

# ਹਿਮਾਚਲ ਐਂਟਰੀ ਟੈਕਸ 'ਤੇ ਤਕਰਾਰ ਵਧੀ, ਕੀਰਤਪੁਰ ਸਾਹਿਬ ਨਗਰ ਪੰਚਾਇਤ ਨੇ ਹਿਮਾਚਲ ਦੀਆਂ ਗੱਡੀਆਂ 'ਤੇ ਟੈਕਸ ਲਗਾਉਣ ਦੀ ਕੀਤੀ ਮੰਗ

**ਹਿਮਾਚਲ।** ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ ਬਾਹਰੀ ਰਾਜਾਂ ਤੋਂ ਆਉਣ ਵਾਲੀਆਂ ਗੱਡੀਆਂ 'ਤੇ ਐਂਟਰੀ ਟੈਕਸ ਵਧਾਏ ਜਾਣ ਤੋਂ ਬਾਅਦ ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਇਸ ਮਾਮਲੇ 'ਤੇ ਨਾਰਾਜ਼ਗੀ ਵਧਦੀ ਜਾ ਰਹੀ ਹੈ। ਇਸ ਸਬੰਧੀ ਖਿਰਓਟਪੁਰ ਸ਼ਓਹਿਬ ਨਗਰ ਪੰਚਾਇਤ ਨੇ ਵੀ ਕੜਾ ਵਿਰੋਧ ਜਤਾਇਆ ਹੈ ਅਤੇ ਪੰਜਾਬ ਸਰਕਾਰ ਨੂੰ ਮਤਾ ਭੇਜ ਕੇ ਮੰਗ ਕੀਤੀ ਹੈ ਕਿ ਜੇ ਹਿਮਾਚਲ ਵਿੱਚ ਪੰਜਾਬ ਦੀਆਂ ਗੱਡੀਆਂ ਤੋਂ ਐਂਟਰੀ ਟੈਕਸ ਲਿਆ ਜਾ ਰਿਹਾ ਹੈ ਤਾਂ ਪੰਜਾਬ ਵਿੱਚ ਦਾਖਲ ਹੋਣ ਵਾਲੀਆਂ ਹਿਮਾਚਲ ਦੀਆਂ ਗੱਡੀਆਂ 'ਤੇ ਵੀ ਐਂਟਰੀ ਟੈਕਸ ਲਗਾਇਆ ਜਾਣਾ ਚਾਹੀਦਾ ਹੈ। ਇਸ ਮਾਮਲੇ ਨੂੰ ਲੈ ਕੇ ਇਸ ਤੋਂ ਪਹਿਲਾਂ Nangal ਨਗਰ ਕੌਂਸਲ ਵੱਲੋਂ ਵੀ ਇੱਕ ਮਤਾ ਪਾਸ ਕਰਕੇ ਪੰਜਾਬ ਸਰਕਾਰ ਨੂੰ ਭੇਜਿਆ ਗਿਆ ਸੀ। ਹੁਣ ਖਿਰਓਟਪੁਰ ਸ਼ਓਹਿਬ ਨਗਰ ਪੰਚਾਇਤ ਵੱਲੋਂ ਵੀ ਇਸੇ ਤਰ੍ਹਾਂ ਦਾ ਮਤਾ ਪਾਸ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਪ੍ਰੈਸ ਕਾਨਫਰੰਸ ਦੌਰਾਨ ਨਗਰ ਪੰਚਾਇਤ ਦੇ ਪ੍ਰਧਾਨ




ਸੁਰਿੰਦਰ ਪਾਲ ਕੌੜਾ ਅਤੇ ਕੌਂਸਲਰ ਹਿਮਾਂਸ਼ੂ ਟੰਡਨ ਨੇ ਕਿਹਾ ਕਿ ਹਿਮਾਚਲ ਸਰਕਾਰ ਵੱਲੋਂ ਐਂਟਰੀ ਟੈਕਸ ਵਿੱਚ ਕੀਤਾ ਗਿਆ ਵਾਧਾ ਗਲਤ ਅਤੇ ਨਾਜਾਇਜ਼ ਹੈ। ਉਨ੍ਹਾਂ ਦੱਸਿਆ ਕਿ ਇਸ ਮਸਲੇ ਨੂੰ ਲੈ ਕੇ ਸਾਬਕਾ ਵਿਧਾਨ ਸਭਾ ਸਪੀਕਰ Rana KP ਸ਼ਿਨਗਹ ਵੱਲੋਂ ਵੀ ਹਿਮਾਚਲ ਸਰਕਾਰ ਨਾਲ ਗੱਲਬਾਤ ਕੀਤੀ ਗਈ ਸੀ, ਪਰ ਅਜੇ ਤੱਕ ਇਸ ਦਾ ਕੋਈ ਠੋਸ ਹੱਲ ਨਹੀਂ ਨਿਕਲ ਸਕਿਆ।ਉਨ੍ਹਾਂ ਨੇ ਕਿਹਾ ਕਿ ਜੇ ਇਹ ਮਸਲਾ ਜਲਦੀ ਹੱਲ ਨਾ ਹੋਇਆ ਤਾਂ ਦੋਵੇਂ ਸੂਬਿਆਂ ਵਿਚਕਾਰ ਆਵਾਜਾਈ ਪ੍ਰਭਾਵਿਤ ਹੋ ਸਕਦੀ ਹੈ। ਖਾਸ ਕਰਕੇ ਸਰਹੱਦੀ ਇਲਾਕਿਆਂ ਦੇ ਲੋਕਾਂ ਨੂੰ ਸਭ ਤੋਂ ਵੱਧ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਕਿਉਂਕਿ ਇਨ੍ਹਾਂ ਇਲਾਕਿਆਂ ਵਿੱਚ ਲੋਕਾਂ ਦੇ ਆਪਸੀ ਰਿਸ਼ਤੇਦਾਰੀਆਂ ਅਤੇ ਰੋਜ਼ਾਨਾ ਆਉਣ-ਜਾਣ ਦਾ ਸਿਲਸਿਲਾ ਬਣਿਆ ਰਹਿੰਦਾ ਹੈ। ਅਜਿਹੇ ਵਿੱਚ ਜੇ ਦੋਵੇਂ ਪਾਸਿਆਂ ਤੋਂ ਐਂਟਰੀ ਟੈਕਸ ਲਗਾਇਆ ਗਿਆ ਤਾਂ ਸਰਹੱਦੀ ਇਲਾਕਿਆਂ ਦੇ ਵਸਨੀਕਾਂ ਲਈ ਇਹ ਵੱਡੀ ਪਰੇਸ਼ਾਨੀ ਦਾ ਕਾਰਨ ਬਣ ਸਕਦਾ ਹੈ।

# ਕੈਨੇਡਾ 'ਚ ਭਾਰਤੀ ਵਿਦਿਆਰਥੀ ਦੀ ਦਰਦਨਾਕ ਮੌਤ

**ਉਜੈਨ।** ਮੱਧ ਪ੍ਰਦੇਸ਼ ਦੇ ਉਜੈਨ ਸ਼ਹਿਰ ਨਾਲ ਸਬੰਧਤ ਇੱਕ ਨੌਜਵਾਨ ਦੀ ਕੈਨੇਡਾ ਵਿੱਚ ਸ਼ੱਕੀ ਹਾਲਾਤਾਂ ਵਿੱਚ ਮੌਤ ਹੋਣ ਦੀ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਮ੍ਰਿਤਕ ਦੀ ਪਹਿਚਾਣ ਗੁਰਕੀਰਤ ਸਿੰਘ ਮਨੋਚਾ ਵਜੋਂ ਹੋਈ ਹੈ, ਜੋ ਕਰੀਬ ਡੇਢ ਸਾਲ ਪਹਿਲਾਂ ਉੱਚ ਸਿੱਖਿਆ ਲਈ ਕੈਨੇਡਾ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਉਹ ਕੈਨੇਡਾ ਦੇ ਫੋਰਟ ਸੇਂਟ ਜੌਨ ਵਿੱਚ ਸਥਿਤ ਨਾਰਦਰਨ ਲਾਈਟਸ ਕਾਲਜ ਵਿੱਚ ਬਿਜ਼ਨਸ ਮੈਨੇਜਮੈਂਟ ਦੇ ਪੋਸਟ-ਡਿਗਰੀ ਡਿਪਲੋਮਾ ਕੋਰਸ ਦੀ ਪੜ੍ਹਾਈ ਕਰ ਰਿਹਾ ਸੀ। ਮੀਡੀਆ ਰਿਪੋਰਟਾਂ ਅਨੁਸਾਰ 14 ਮਾਰਚ ਦੀ



ਰਾਤ ਨੂੰ ਗੁਰਕੀਰਤ ਦਾ ਆਪਣੇ ਕਾਲਜ ਦੇ ਕੁਝ ਵਿਦਿਆਰਥੀਆਂ ਨਾਲ ਕਿਸੇ ਗੱਲ ਨੂੰ ਲੈ ਕੇ ਤਕਰਾਰ ਹੋ ਗਈ। ਇਹ ਝਗੜਾ ਬਾਅਦ ਵਿੱਚ ਹਿੰਸਕ ਰੂਪ ਧਾਰ ਗਿਆ। ਦੋਸ਼ ਹੈ ਕਿ ਝਗੜੇ ਦੌਰਾਨ ਗੁਰਕੀਰਤ ਨੂੰ ਕਾਰ ਨਾਲ ਟੱਕਰ ਮਾਰ ਦਿੱਤੀ ਗਈ, ਜਿਸ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਿਆ। ਉਸਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ, ਪਰ ਇਲਾਜ ਦੌਰਾਨ ਉਸਦੀ ਮੌਤ ਹੋ ਗਈ। ਇਸ ਘਟਨਾ ਦੀ ਜਾਣਕਾਰੀ ਗੁਰਕੀਰਤ ਦੇ ਦੋਸਤ ਵੱਲੋਂ ਫ਼ੋਨ ਰਾਹੀਂ ਉਸਦੇ ਪਰਿਵਾਰਕ ਮੈਂਬਰਾਂ ਨੂੰ ਦਿੱਤੀ ਗਈ। ਖ਼ਬਰ ਮਿਲਦੇ ਹੀ ਉਜੈਨ ਵਿੱਚ ਰਹਿੰਦੇ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਅਤੇ ਘਰ ਵਿੱਚ ਸੋਗ ਦਾ ਮਾਹੌਲ ਬਣ ਗਿਆ। ਮ੍ਰਿਤਕ ਦੇ ਭਰਾ ਪ੍ਰਭਕੀਰਤ ਸਿੰਘ ਮਨੋਚਾ ਨੇ ਦੱਸਿਆ ਕਿ ਕੈਨੇਡੀਅਨ ਪੁਲਿਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ ਅਤੇ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਥੋਕ ਮੁੱਲ ਸੂਚਕ ਮਹਿੰਗਾਈ ਦਰ 11 ਮਹੀਨਿਆਂ ਦੇ ਸਭ ਤੋਂ ਉੱਚੇ ਪੱਧਰ 'ਤੇ

**ਜਨਵਰੀ ਦੌਰਾਨ 2.13 ਫੀਸਦੀ ਦਰ 'ਤੇ ਪਹੁੰਚੀ, ਖਾਣ-ਪੀਣ ਵਾਲੀਆਂ ਅਤੇ ਗੈਰ-ਖਾਣ ਵਾਲੀਆਂ ਵਸਤੂਆਂ ਦੀਆਂ ਕੀਮਤਾਂ ਵਿੱਚ ਵਾਧੇ ਕਾਰਨ ਵਧੀ ਦਰ**

**ਨਵੀਂ ਦਿੱਲੀ।** ਦੇਸ਼ ਅੰਦਰ ਫਰਵਰੀ ਮਹੀਨੇ ਦੌਰਾਨ ਥੋਕ ਮੁੱਲ ਸੂਚਕ (WPI) ਅਧਾਰਿਤ ਮਹਿੰਗਾਈ 2.13 ਫੀਸਦੀ ਦਰ 'ਤੇ ਪਹੁੰਚ ਗਈ ਹੈ, ਜੋ ਪਿਛਲੇ 11 ਮਹੀਨਿਆਂ ਵਿੱਚ ਸਭ ਤੋਂ ਵੱਧ ਹੈ। ਸਰਕਾਰੀ ਅੰਕੜਿਆਂ ਅਨੁਸਾਰ, ਖਾਣ-ਪੀਣ ਵਾਲੀਆਂ ਅਤੇ ਗੈਰ-ਖਾਣ ਵਾਲੀਆਂ ਵਸਤੂਆਂ ਦੀਆਂ ਕੀਮਤਾਂ ਵਿੱਚ ਵਾਧੇ ਕਾਰਨ ਇਹ ਦਰ ਵਧੀ ਹੈ, ਹਾਲਾਂਕਿ ਸਬਜ਼ੀਆਂ ਦੀਆਂ ਕੀਮਤਾਂ ਵਿੱਚ ਕੁਝ ਰਾਹਤ ਦਰਜ ਕੀਤੀ ਗਈ ਹੈ।



ਉਦਯੋਗ ਮੰਤਰਾਲੇ ਨੇ ਕਿਹਾ, ''ਫਰਵਰੀ 2026 ਵਿੱਚ ਦਰਜ ਕੀਤੀ ਗਈ ਸਕਾਰਾਤਮਕ ਮਹਿੰਗਾਈ ਮੁੱਖ ਤੌਰ 'ਤੇ ਮੂਲ ਧਾਤਾਂ, ਗੈਰ-ਖਾਣ ਵਾਲੀਆਂ ਵਸਤੂਆਂ, ਖਾਣ ਵਾਲੀਆਂ ਵਸਤੂਆਂ ਅਤੇ ਕਪੜੇ ਆਦਿ ਦੀਆਂ ਕੀਮਤਾਂ ਵਧਣ ਕਾਰਨ ਹੈ।'' ਹਾਲਾਂਕਿ ਸਬਜ਼ੀਆਂ ਦੇ ਮਾਮਲੇ 'ਚ, ਮਹਿੰਗਾਈ ਫ਼ਰਵਰੀ 'ਚ 4.73 ਫ਼ੀ ਸਦੀ ਹੋ ਗਈ ਜੋ ਜਨਵਰੀ 'ਚ 6.78 ਫ਼ੀ ਸਦੀ ਸੀ, ਪਰ ਦਾਲਾਂ, ਆਲੂਆਂ ਅਤੇ ਆਂਡਿਆਂ, ਮੀਟ ਅਤੇ ਮੱਛੀ ਦੀਆਂ ਕੀਮਤਾਂ 'ਚ ਵਾਧਾ ਦਰਜ ਕੀਤਾ ਗਿਆ। ਵਿਦੇਸ਼ੀ ਤੇਲ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਹੋਣ ਕਾਰਨ ਅਰਥਸ਼ਾਸਤਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਅਗਲੇ ਮਹੀਨਿਆਂ ਵਿੱਚ ਾਫੀ ਹੋਰ ਵਧ ਸਕਦੀ ਹੈ। ਬਾਰਕਲੇਜ਼ ਨੇ ਆਪਣੇ ਨੋਟ ਵਿੱਚ ਲਿਖਿਆ, ''ਕੱਚੇ ਤੇਲ ਦੀਆਂ ਕੀਮਤਾਂ 100 ਡਾਲਰ ਪ੍ਰਤੀ ਬੈਰਲ ਤੋਂ ਉੱਪਰ ਜਾਣ ਨਾਲ, ਇਸ ਦਾ ਸਿੱਧਾ ਪ੍ਰਭਾਵ ਾਫੀ 'ਤੇ ਪਵੇਗਾ।'' ਇੰਡੀਆ ਰੇਟਿੰਗਜ਼ ਐਂਡ ਰਿਸਰਚ ਦੇ ਮੁੱਖ ਅਰਥਸ਼ਾਸਤਰੀ ਦੇਵੇਂਦਰ ਪੰਤ ਨੇ ਕਿਹਾ, ''ਅਮਰੀਕਾ-ਇਰਾਨ ਜੰਗ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ। ਇਸ ਨਾਲ ਥੋਕ ਮਹਿੰਗਾਈ ਮਾਰਚ ਮਹੀਨੇ ਵਿੱਚ 3.7 ਫੀਸਦੀ ਤੱਕ ਪਹੁੰਚਣ ਦੀ ਸੰਭਾਵਨਾ ਹੈ।'' ਫਰਵਰੀ ਮਹੀਨੇ ਵਿੱਚ ਗੈਰ-ਖਾਣ ਵਾਲੀਆਂ ਵਸਤੂਆਂ ਦੀ ਮਹਿੰਗਾਈ 8.80 ਫੀਸਦੀ ਦਰਜ ਕੀਤੀ ਗਈ, ਜਦਕਿ ਪਿਛਲੇ ਮਹੀਨੇ ਇਹ 7.58 ਫੀਸਦੀ ਸੀ। ਪੀ.ਐਚ.ਡੀ.ਸੀ.ਸੀ.ਆਈ. ਦੇ ਪ੍ਰਧਾਨ ਰਾਜੀਵ ਜੂਨੇਜਾ ਨੇ ਕਿਹਾ, ''ਜੀਓਪਾਲੀਟਿਕਲ ਖ਼ਤਰੇ ਦੇ ਮੱਦੇਨਜ਼ਰ ਸਪਲਾਈ ਚੇਨ ਨੂੰ ਮਜ਼ਬੂਤ ਕਰਨਾ, ਲਾਜਿਸਟਿਕ ਖ਼ਰਚੇ ਘਟਾਉਣਾ ਅਤੇ ਘਰੇਲੂ ਉਤਪਾਦਨ ਨੂੰ ਸਹਾਇਤਾ ਦੇਣਾ ਬਹੁਤ ਜ਼ਰੂਰੀ ਹੈ।'' ਰਿਟੇਲ ਮਹਿੰਗਾਈ ਵੀ ਫਰਵਰੀ ਵਿੱਚ 3.2 ਫੀਸਦੀ ਦਰਜ ਕੀਤੀ ਗਈ ਹੈ, ਜੋ ਜਨਵਰੀ ਦੇ 2.75 ਫੀਸਦੀ ਨਾਲੋਂ ਵੱਧ ਹੈ। ਰਿਜ਼ਰਵ ਬੈਂਕ ਨੇ ਇਸ ਵਿੱਤੀ ਸਾਲ ਦੌਰਾਨ ਨੀਤੀ ਦਰਾਂ ਵਿੱਚ 1.25 ਫੀਸਦੀ ਦੀ ਕਟੌਤੀ ਕੀਤੀ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਕਟਕ ਦੇ ਸਰਕਾਰੀ ਹਸਪਤਾਲ ਵਿੱਚ ਅੱਗ ਲੱਗਣ ਨਾਲ 10 ਮਰੀਜ਼ਾਂ ਦੀ ਮੌਤ

**ਓਡੀਸ਼ਾ।** ਓਡੀਸ਼ਾ ਦੇ ਕਟਕ ਸਥਿਤ ਐਸਸੀਬੀ ਮੈਡੀਕਲ ਕਾਲਜ ਹਸਪਤਾਲ ਵਿੱਚ ਅੱਗ ਲੱਗ ਗਈ। ਐਤਵਾਰ ਤੜਕੇ 3 ਵਜੇ ਵਾਪਰੀ ਇਸ ਘਟਨਾ ਵਿੱਚ ਦਸ ਮਰੀਜ਼ਾਂ ਦੀ ਮੌਤ ਹੋ ਗਈ। ਅੱਗ ਹਸਪਤਾਲ ਦੀ ਪਹਿਲੀ ਮੰਜ਼ਿਲ 'ਤੇ ਸਥਿਤ ਟਰੌਮਾ ਕੇਅਰ ਇੰਟੈਂਸਿਵ ਕੇਅਰ ਯੂਨਿਟ ਵਿੱਚ ਲੱਗੀ। ਸੱਤ ਮਰੀਜ਼ਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਤਿੰਨ ਹੋਰਾਂ ਦੀ ਸੜਨ ਕਾਰਨ ਇਲਾਜ ਦੌਰਾਨ ਮੌਤ ਹੋ ਗਈ। ਮਰੀਜ਼ਾਂ ਨੂੰ ਕੱਢਣ ਦੀ ਕੋਸ਼ਿਸ਼ ਕਰਦੇ ਸਮੇਂ ਹਸਪਤਾਲ ਦੇ ਘੱਟੋ-ਘੱਟ 11 ਸਟਾਫ਼ ਮੈਂਬਰ ਵੀ ਅੱਗ ਵਿਚ ਝੁਲਸ ਗਏ। ਓਡੀਸ਼ਾ ਦੇ ਮੁੱਖ ਮੰਤਰੀ ਮੋਹਨ ਚਰਨ ਮਾਂਝੀ ਜ਼ਖ਼ਮੀਆਂ ਨੂੰ ਦੇਖਣ ਲਈ ਹਸਪਤਾਲ ਪਹੁੰਚੇ। ਮੁੱਖ ਮੰਤਰੀ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 25-25 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ



ਐਲਾਨ ਕੀਤਾ ਹੈ। ਅੱਗ ਲੱਗਣ ਸਮੇਂ ਹਸਪਤਾਲ ਵਿਚ ਲਗਭਗ 23 ਮਰੀਜ਼ ਦਾਖ਼ਲ ਸਨ। ਅੱਗ ਲੱਗਣ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ, ਪਰ ਮੰਨਿਆ ਜਾ ਰਿਹਾ ਹੈ ਕਿ ਅੱਗ ਆਈਸੀਯੂ ਵਿੱਚ ਸ਼ਾਰਟ ਸਰਕਟ ਕਾਰਨ ਲੱਗੀ ਸੀ। ਹਾਲਾਂਕਿ, ਮੁੱਖ ਮੰਤਰੀ ਮਾਂਝੀ ਨੇ ਘਟਨਾ ਦੀ ਉੱਚ ਪੱਧਰੀ ਜਾਂਚ ਦੇ ਹੁਕਮ ਦਿੱਤੇ ਹਨ। ਕਟਕ ਵਿੱਚ ਸ਼੍ਰੀਰਾਮ ਚੰਦਰ ਭੰਜਾ ਮੈਡੀਕਲ ਕਾਲਜ ਓਡੀਸ਼ਾ ਦਾ ਸਭ ਤੋਂ ਵੱਡਾ ਹਸਪਤਾਲ ਹੈ, ਜੋ ਕਿ ਰਾਜ ਭਰ ਤੋਂ ਲੋਕਾਂ ਨੂੰ ਇਲਾਜ ਲਈ ਆਕਰਸ਼ਿਤ ਕਰਦਾ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਟਰੰਪ ਵੱਲੋਂ ਹਰਮੁਜ਼ ਜਲ ਮਾਰਗ ਖੁੱਲ੍ਹਵਾਉਣ ਲਈ ਤਰਲੇ



**ਦੁਬਈ।** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਹਰਮੁਜ਼ ਜਲ ਮਾਰਗ ਖੁੱਲ੍ਹਵਾਉਣ ਲਈ ਕਰੀਬ ਸੱਤ ਮੁਲਕਾਂ ਨੂੰ ਉਥੇ ਆਪਣੇ ਜੰਗੀ ਬੇੜੇ ਭੇਜਣ ਲਈ ਤਰਲੇ ਕੀਤੇ ਹਨ ਪਰ ਉਨ੍ਹਾਂ ਦੀ ਅਪੀਲ ਨੂੰ ਹਾਲੇ ਤੱਕ ਬੂਰ ਨਹੀਂ ਪਿਆ ਹੈ। ਜਪਾਨ ਅਤੇ ਆਸਟਰੇਲੀਆ ਨੇ ਕਿਹਾ ਹੈ ਕਿ ਹਰਮੁਜ਼ ਜਲ ਖੇਤਰ ’ਚ ਜੰਗੀ ਬੇੜੇ ਭੇਜਣ ਦੀ ਉਨ੍ਹਾਂ ਦੀ ਕੋਈ ਯੋਜਨਾ ਨਹੀਂ। ਉਧਰ, ਚੀਨ ਨੇ ਸਾਰੀਆਂ ਧਿਰਾਂ ਨੂੰ ਜੰਗ ਫੌਰੀ ਰੋਕਣ ਦਾ ਸੱਦਾ ਦਿੱਤਾ ਹੈ। ਚੀਨ ਵੱਲੋਂ ਵੀ ਕੋਈ ਬਾਂਹ-ਪੱਲਾ ਨਾ ਫੜਾਏ ਜਾਣ ਕਾਰਨ ਟਰੰਪ ਦਾ ਇਸੇ ਮਹੀਨੇ ਪੇਈਚਿੰਗ ਦੌਰਾ ਰੱਦ ਹੋ ਸਕਦਾ ਹੈ। ਉਂਝ, ਚੀਨ ਵੱਲੋਂ ਇਸ ਦੌਰੇ ਲਈ ਅਮਰੀਕਾ ਨਾਲ ਗੱਲਬਾਤ ਕੀਤੀ ਜਾ ਰਹੀ ਹੈ। ਤੇਲ ਟੈਂਕਰਾਂ ਅਤੇ ਹੋਰ ਬੇੜਿਆਂ ਨੂੰ ਸੁਰੱਖਿਆ ਨਾ ਦੇਣ ਲਈ ਕਿਸੇ ਵੀ ਮੁਲਕ ਦੇ ਅੱਗੇ ਨਾ ਆਉਣ ਤੋਂ ਔਖੇ ਹੋਏ ਟਰੰਪ ਨੇ ਨਾਟੋ ਮੁਲਕਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਹ ਹਰਮੁਜ਼ ਜਲ ਮਾਰਗ ਸੁਰੱਖਿਅਤ ਕਰਨ ’ਚ ਸਹਾਇਤਾ ਨਹੀਂ ਕਰਨਗੇ ਤਾਂ ਉਨ੍ਹਾਂ ਨੂੰ ਭਵਿੱਖ ’ਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਮਰੀਕਾ ਅਤੇ ਇਜ਼ਰਾਈਲ ਦੇ ਹਮਲਿਆਂ ਮਗਰੋਂ ਇਰਾਨ ਨੇ ਰਣਨੀਤਕ ਤੌਰ ’ਤੇ ਅਹਿਮ ਜਲ ਮਾਰਗ ਹਰਮੁਜ਼ ’ਚੋਂ ਲੰਘਣ ਵਾਲੇ ਜਹਾਜ਼ਾਂ ’ਤੇ ਹਮਲੇ ਸ਼ੁਰੂ ਕਰ ਦਿੱਤੇ ਸਨ ਜਿਸ ਕਾਰਨ ਈਂਧਨ ਸਪਲਾਈ ’ਤੇ ਮਾੜਾ ਅਸਰ ਪਿਆ ਹੈ। ਟਰੰਪ ਨੇ ਇਰਾਨ ਦੀ ਕਾਰਵਾਈ ਦੇ ਵਿਰੋਧ ਮਗਰੋਂ ਬੇੜਿਆਂ ਨੂੰ ਹਰਮੁਜ਼ ਜਲ ਮਾਰਗ ’ਚ ਸੁਰੱਖਿਆ ਦੇਣ ਦਾ ਐਲਾਨ ਕੀਤਾ ਹੈ। ਇਸ ਦੌਰਾਨ ਇਰਾਨ ਵੱਲੋਂ ਕੀਤੇ ਗਏ ਡਰੋਨ ਹਮਲੇ ਕਾਰਨ ਦੁਬਈ ਕੌਮਾਂਤਰੀ ਹਵਾਈ ਅੱਡੇ ਨੇੜੇ ਤੇਲ ਟੈਂਕਰ ਨੂੰ ਅੱਗ ਲੱਗ ਗਈ। ਹਮਲੇ ’ਚ ਕੋਈ ਜ਼ਖ਼ਮੀ ਨਹੀਂ ਹੋਇਆ। ਹਵਾਈ ਅੱਡੇ ਨੂੰ ਕੁਝ ਦੇਰ ਲਈ ਬੰਦ ਕਰਨਾ ਪਿਆ। ਸੰਯੁਕਤ ਅਰਬ ਅਮੀਰਾਤ (ਯੂ ਏ ਈ) ਦੇ ਸਨਅਤੀ ਤੇਲ ਕੇਂਦਰ ਫੁਜਾਇਰਾ ’ਚ ਅੱਜ ਇਕ ਹੋਰ ਡਰੋਨ ਹਮਲਾ ਹੋਇਆ ਜਿਸ ਕਾਰਨ ਉਥੇ ਅੱਗ ਲੱਗ ਗਈ। ਯੂ ਏ ਈ ਨੇ ਕਿਹਾ ਕਿ ਮਿਜ਼ਾਈਲ ਅਲ ਬਾਹਯਾਹ ਇਲਾਕੇ ’ਚ ਵਾਹਨ ’ਤੇ ਡਿੱਗੀ ਜਿਸ ’ਚ ਇਕ ਫ਼ਲਸਤੀਨੀ ਹਲਾਕ ਹੋ ਗਿਆ। ਯੂ ਏ ਈ ’ਚ ਹੁਣ ਤੱਕ ਸੱਤ ਮੌਤਾਂ ਹੋ ਚੁੱਕੀਆਂ ਹਨ। ਬਹਿਰੀਨ ਨੇ ਅੱਜ ਸਵੇਰੇ ਚਾਰ ਮਿਜ਼ਾਈਲਾਂ ਅਤੇ ਤਿੰਨ ਡਰੋਨਾਂ ਨੂੰ ਫੁੰਡ ਦਿੱਤਾ। ਇਜ਼ਰਾਇਲੀ ਫ਼ੌਜ ਨੇ ਦਾਅਵਾ ਕੀਤਾ ਕਿ ਉਸ ਨੇ ਸੀਮਤ ਅਤੇ ਯੋਜਨਾਬੱਧ ਅਪਰੇਸ਼ਨ ਲਈ ਲਿਬਨਾਨ ’ਚ ਥਲ ਸੈਨਾ ਦੇ ਵਾਧੂ ਜਵਾਨ ਭੇਜੇ ਹਨ। ਫ਼ੌਜੀ ਤਰਜਮਾਨ ਲੈਫਟੀਨੈਂਟ ਕਰਨਲ ਨਾਦਾਵ ਸ਼ੋਸ਼ਾਨੀ ਨੇ ਦੱਸਿਆ ਕਿ ਇਜ਼ਰਾਈਲ ਨੇ ਇਰਾਨ ’ਤੇ 7600 ਹਮਲੇ ਕੀਤੇ ਹਨ ਅਤੇ ਉਸ ਦੀ 85 ਫ਼ੀਸਦ ਹਵਾਈ ਰੱਖਿਆ ਤਬਾਹ ਕਰ ਦਿੱਤੀ ਹੈ।

## ਪੰਜਾਬ ਦੇ ਕਈ ਇਲਾਕਿਆਂ ਵਿੱਚ ਹਲਕਾ ਮੀਂਹ

**ਚੰਡੀਗੜ੍ਹ।** ਪੰਜਾਬ ਦੇ ਕਈ ਇਲਾਕਿਆਂ ਵਿੱਚ ਅੱਜ ਹਲਕਾ ਮੀਂਹ ਪਿਆ ਜਿਸ ਕਾਰਨ ਤਾਪਮਾਨ ਵਿੱਚ ਕੁਝ ਡਿਗਰੀ ਦੀ ਗਿਰਾਵਟ ਦਰਜ ਕੀਤੀ ਗਈ ਹੈ। ਚੰਡੀਗੜ੍ਹ ਮੌਸਮ ਵਿਭਾਗ ਅਨੁਸਾਰ ਪਠਾਨਕੋਟ ਵਿੱਚ 14 ਮਿਲੀਮੀਟਰ (ਮਮ) ਅਤੇ ਰੂਪਨਗਰ ਵਿੱਚ 9.5 ਮਿਲੀਮੀਟਰ ਬਾਰਿਸ਼ ਦਰਜ ਕੀਤੀ ਗਈ। ਇਸ ਤੋਂ ਇਲਾਵਾ ਹੁਸ਼ਿਆਰਪੁਰ ਅਤੇ ਅੰਮ੍ਰਿਤਸਰ ਵਿੱਚ ਵੀ ਮੀਂਹ ਪੈਣ ਦੀਆਂ ਖ਼ਬਰਾਂ ਸਾਹਮਣੇ ਆਈਆਂ ਹਨ। ਇਸ ਦੌਰਾਨ ਚੰਡੀਗੜ੍ਹ ਤੇ ਨੇੜਲੇ ਇਲਾਕਿਆਂ ਵਿਚ ਵੀ ਮੌਸਮ ਆਮ ਨਾਲੋਂ ਹਲਕਾ ਠੰਢਾ ਰਿਹਾ। ਮੀਂਹ ਕਾਰਨ ਅੰਮ੍ਰਿਤਸਰ, ਲੁਧਿਆਣਾ ਅਤੇ ਪਟਿਆਲਾ ਵਿੱਚ ਵੱਧ ਤੋਂ ਵੱਧ ਤਾਪਮਾਨ ਕ੍ਰਮਵਾਰ 21, 21.6 ਅਤੇ 26 ਡਿਗਰੀ ਸੈਲਸੀਅਸ ਰਿਹਾ, ਜੋ ਕਿ ਆਮ ਨਾਲੋਂ ਲਗਪਗ 5 ਡਿਗਰੀ ਘੱਟ ਹੈ। ਗੁਆਂਢੀ ਰਾਜ ਹਰਿਆਣਾ ਵਿੱਚ ਅੰਬਾਲਾ ਵਿੱਚ 27.3 ਡਿਗਰੀ ਅਤੇ ਹਿਸਾਰ ਵਿੱਚ 27 ਡਿਗਰੀ ਤਾਪਮਾਨ ਰਿਹਾ, ਜਦਕਿ ਨਾਰਨੌਲ ਵਿੱਚ ਇਹ 33 ਡਿਗਰੀ ਤੱਕ ਪਹੁੰਚ ਗਿਆ। ਦੋਵਾਂ ਰਾਜਾਂ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਵਿੱਚ ਵੱਧ ਤੋਂ ਵੱਧ ਤਾਪਮਾਨ 26.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

## ਅਸ਼ੋਕਾ ਯੂਨੀਵਰਸਿਟੀ ਦੇ ਪ੍ਰੋਫੈਸਰ ਅਲੀ ਖ਼ਾਨ ਮਹਮੂਦਾਬਾਦ ਨੂੰ ਰਾਹਤ, ਹਰਿਆਣਾ ਸਰਕਾਰ ਨੇ ਮੁਕੱਦਮਾ ਚਲਾਉਣ ਲਈ ਮਨਜ਼ੂਰੀ ਨਾ ਦੇਣ ਦਾ ਫ਼ੈਸਲਾ





**ਨਵੀਂ ਦਿੱਲੀ।** ਹਰਿਆਣਾ ਸਰਕਾਰ ਨੇ ਸੋਮਵਾਰ ਨੂੰ ਸੁਪਰੀਮ ਕੋਰਟ ਨੂੰ ਦੱਸਿਆ ਕਿ ਉਸ ਨੇ ਅਸ਼ੋਕਾ ਯੂਨੀਵਰਸਿਟੀ ਦੇ ਪ੍ਰੋਫੈਸਰ ਅਲੀ ਖ਼ਾਨ ਮਹਮੂਦਾਬਾਦ ਖ਼ਿਲਾਫ਼ ਮੁਕੱਦਮਾ ਚਲਾਉਣ ਲਈ ਮਨਜ਼ੂਰੀ ਨਾ ਦੇਣ ਦਾ ਫ਼ੈਸਲਾ ਕੀਤਾ ਹੈ। ਇਹ ਕਦਮ, ਸਰਕਾਰ ਨੇ ਕਿਹਾ, ’ਇੱਕ ਵਾਰ ਦੀ ਦਰਿਆਦਲੀ’ ਵਜੋਂ ਲਿਆ ਗਿਆ ਹੈ। ਵਧੀਕ ਸੋਲੀਸੀਟਰ ਜਨਰਲ ਐਸ. ਵੀ. ਰਾਜੂ ਨੇ ਬੈਂਚ ਨੂੰ ਕਿਹਾ, ‘‘ਇੱਕ ਵਾਰ ਦੀ ਦਰਿਆਦਲੀ ਵਜੋਂ ਅਸੀਂ ਇਹ ਮਾਮਲਾ ਬੰਦ ਕਰ ਦਿੱਤਾ ਹੈ। ਉਸ ਨੂੰ ਚੇਤਾਵਨੀ ਦਿੱਤੀ ਜਾ ਸਕਦੀ ਹੈ ਕਿ ਭਵਿੱਖ ਵਿੱਚ ਇਸ ਤਰ੍ਹਾਂ ਦੀ ਗਤੀਵਿਧੀ ਨਾ ਕਰੇ।’’ ਚੀਫ਼ ਜਸਟਿਸ ਸੂਰਿਆ ਕਾਂਤ ਨੇ ਟਿੱਪਣੀ ਕੀਤੀ, ‘‘ਕਈ ਵਾਰ ਲਾਈਨਾਂ ਦੇ ਵਿਚਕਾਰ ਲਿਖਿਆ ਹੋਇਆ ਵੱਡੀ ਸਮੱਸਿਆ ਪੈਦਾ ਕਰਦਾ ਹੈ। ਹਾਲਾਤ ਸੰਵੇਦਨਸ਼ੀਲ ਹੁੰਦੇ ਹਨ, ਇਸ ਲਈ ਸਾਨੂੰ ਸਭ ਨੂੰ ਸਾਵਧਾਨ ਰਹਿਣਾ ਪੈਂਦਾ ਹੈ।’’ ਮਹਮੂਦਾਬਾਦ ਨੂੰ ਮਈ 2025 ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ, ਜਦੋਂ ਉਸ ਦੀਆਂ ਸੋਸ਼ਲ ਮੀਡੀਆ ਪੋਸਟਾਂ ‘ਆਪਰੇਸ਼ਨ ਸੰਧੂਰ’ ਬਾਰੇ ਵਿਵਾਦਿਤ ਮੰਨੀਆਂ ਗਈਆਂ। ਉਸ ’ਤੇ ਭਾਰਤ ਦੀ ਅਖੰਡਤਾ ਨੂੰ ਖ਼ਤਰੇ ਵਿੱਚ ਪਾਉਣ ਅਤੇ ਧਰਮ ਅਧਾਰਿਤ ਵੈਰ-ਵਿਰੋਧ ਨੂੰ ਉਕਸਾਉਣ ਦੇ ਦੋਸ਼ ਲਗੇ। ਸੁਪਰੀਮ ਕੋਰਟ ਨੇ ਪਹਿਲਾਂ ਹੀ ਉਸ ਨੂੰ ਅੰਤਰਿਮ ਜ਼ਮਾਨਤ ਦਿੱਤੀ ਸੀ ਅਤੇ ਹੁਣ ਕਾਰਵਾਈ ਨੂੰ ਬੰਦ ਕਰ ਦਿੱਤਾ ਗਿਆ ਹੈ। ਕਈ ਅਕਾਦਮਿਕ ਅਤੇ ਸਿਆਸੀ ਪਾਰਟੀਆਂ ਨੇ ਉਸ ਦੀ ਗ੍ਰਿਫ਼ਤਾਰੀ ਦੀ ਨਿੰਦਾ ਕੀਤੀ ਸੀ। ਇਸ ਫ਼ੈਸਲੇ ਨਾਲ, ਮਾਮਲੇ ਦੀ ਅਗਲੀ ਕਾਰਵਾਈ ਖ਼ਤਮ ਹੋ ਗਈ ਹੈ ਅਤੇ ਪ੍ਰੋਫੈਸਰ ਮਹਮੂਦਾਬਾਦ ਨੂੰ ਭਵਿੱਖ ਵਿੱਚ ਸਾਵਧਾਨ ਰਹਿਣ ਦੀ ਸਲਾਹ ਦਿੱਤੀ ਗਈ ਹੈ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਐਸ.ਐਚ.ਓ ਰੁਬਨੀਵ ਸਿੰਘ ਥਾਣਾ ਸਦਰ ਨਵਾਸ਼ਹਿਰ ਵੱਲੋਂ ਲੁੱਟ ਖੋਹ ਕਰਨ ਵਾਲੇ 02 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ



**ਨਵਾਂਸ਼ਹਿਰ 16 ਮਾਰਚ 2026 ( ਜਤਿੰਦਰ ਪਾਲ ਸਿੰਘ ਕਲੇਰ )** ਮਾਨਯੋਗ ਸੀਨੀਅਰ ਕਪਤਾਨ ਪੁਲਿਸ, ਸ਼ਹੀਦ ਭਗਤ ਸਿੰਘ ਨਗਰ ਸ੍ਰੀ ਤੁਸ਼ਾਰ ਗੁਪਤਾ, ਆਈ ਪੀ ਐਸ ਦੀਆ ਹਦਾਇਤਾ ਤੇ ਮਾੜੇ ਅਨਸਰਾਂ ਖਿਲਾਫ ਛੇੜੀ ਮੁਹਿੰਮ ਨੂੰ ਉਸ ਸਮੇ ਸਫਲਤਾ ਮਿਲੀ ਜਦੋ ਸ੍ਰੀ ਰਾਜ ਕੁਮਾਰ ਬਜਾੜ੍ਹ, ਪੀ ਪੀ ਐਸ , ਉਪ ਕਪਤਾਨ ਪੁਲਿਸ ਸਬ ਡਵੀਜਨ ਨਵਾਂਸ਼ਹਿਰ ਜੀ ਦੀ ਜੇਰੇ ਨਿਗਰਾਨੀ ਐਸ ਐਚ ਓ ਰੁਬਨੀਵ ਸਿੰਘ ਥਾਣਾ ਸਦਰ ਨਵਾਸ਼ਹਿਰ ਵੱਲੋ ਲੁੱਟ ਖੋਹ ਕਰਨ ਵਾਲੇ 02 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਲੁੱਟ ਖੋਹ ਦੀਆ ਵਾਰਦਾਤਾ ਨੂੰ ਸੁਲਝਾਉਣ ਵਿੱਚ ਸਫਲਤਾ ਹਾਸਲ ਕੀਤੀ। ਮਿਤੀ 17-02-2026 ਨੂੰ ਕੇਸਰ ਸਿੰਘ ਪੁੱਤਰ ਕਰਮ ਸਿੰਘ ਵਾਸੀ ਸ਼ਾਹਪੁਰ ਪੱਟੀ ਥਾਣਾ ਰਾਹੋਂ ਦੇ ਦਰਜ ਰਜਿਸਟਰ ਹੋਇਆ ਕਿ ਉਹ ਸ਼ੂਗਰ ਮਿੱਲ ਨਵਾਂਸ਼ਹਿਰ ਵਿਚੋਂ ਬਤੌਰ ਸਰਵੇਅਰ ਰਿਟਾਇਰਡ ਹੈ ਮਿਤੀ 13/02/26 ਨੂੰ ਉਹ ਆਪਣੀ ਸਕੂਟਰੀ ਨੰਬਰ ਫਭ-32-ੰ-5543 ਤੇ ਸਵਾਰ ਹੋ ਕੇ ਨਵਾਂਸ਼ਹਿਰ ਤੋਂ ਪਿੰਡ ਸਨਾਵਾਂ ਦੀ ਨਹਿਰ ਪਟੜੀ ਨਾਲ-ਨਾਲ ਹੁੰਦਾ ਹੋਇਆ ਆਪਣੇ ਪਿੰਡ ਸ਼ਾਹਪੁਰ ਪੱਟੀ ਨੂੰ ਜਾ ਰਿਹਾ ਸੀ ਤਾਂ ਜਦੋਂ ਉਹ ਪਿੰਡ ਨਾਈ ਮਾਜਰਾਂ ਦੀ ਲਿੰਕ ਸੜਕ ਤੋਂ ਕਰੀਬ 100 ਕੁ ਮੀਟਰ ਅੱਗੇ ਗਿਆ ਤਾਂ ਵਕਤ ਕਰੀਬ 02:30 ਸ਼ਾਮ ਦਾ ਹੋਵੇਗਾ ਜੋ ਉਸਨੇ ਫੋਨ ਸੁਣਨ ਲਈ ਆਪਣੀ ਸਕੂਟਰੀ ਰੋਕੀ ਤਾਂ ਪਿੱਛੇ ਤਿੰਨ ਨੌਜਵਾਨ ਮੋਟਰ ਸਾਈਕਲ ਬਰਾਬਰ ਲਿਆ ਕੇ ਖੜ੍ਹ ਗਏ ਜਿਹਨਾ ਨੇ ਉਸਦੀ ਪਿੱਠ ਤੇ ਪਟੇ ਮਾਰਨੇ ਸ਼ੁਰੂ ਕਰ ਦਿੱਤੇ ਤਾ ਉਹ ਸਕੂਟਰੀ ਤੋਂ ਹੇਠਾ ਡਿੱਗ ਗਿਆ ਤੇ ਡਿੱਗੇ ਪਏ ਦੇ ਇੱਕ ਨੌਜਵਾਨ ਨੇ ਆਪਣੇ ਹੱਥ ਵਿੱਚ ਫੜੇ ਦਾਤ ਦੇ ਵਾਰ ਸੱਜੀ ਲੱਤ ਦੇ ਗੋਡੇ ਅਤੇ ਸੱਜੀ ਬਾਂਹ ਤੇ ਕੀਤੇ ਸਖਤ ਸੱਟਾਂ ਮਾਰ ਕੇ ਪਹਿਨੀ ਹੋਈ ਕਮੀਜ਼ ਦੀ ਜੇਬ ਵਿਚੋਂ ਜਬਰਦਸਤੀ ਕਰੀਬ 9 ਹਜ਼ਾਰ ਰੁਪਏ ਖੋਹ ਕੇ ਮੋਟਰ ਸਾਈਕਲ ਤੇ ਸਵਾਰ ਹੋ ਕੇ ਹਥਿਆਰਾਂ ਸਮੇਤ ਮੌਕੇ ਤੋਂ ਭੱਜ ਗਏ।ਜੋ ਕੇਸ਼ਰ ਸਿੰਘ ਦੇ ਬਿਆਨ ਤੇ ਮੁੱਕਦਮਾ ਨੰਬਰ 28 ਮਿਤੀ 17-02-2026 ਅ/ਧ 311,3(5) ਬੀ ਐਨ ਐਸ ਥਾਣਾ ਸਦਰ ਨਵਾਂਸ਼ਹਿਰ ਬਰਖਿਲਾਫ ਨਾ ਮਲੂਮ ਵਿਆਕਤੀਆ ਦੇ ਖਿਲਾਫ ਦਰਜ ਰਜਿਸਟਰ ਕੀਤਾ ਗਿਆ ਸੀ।ਮੁਕੱਦਮਾ ਦੀ ਤਫਤੀਸ਼ ਖੁਫੀਆ, ਐਲਾਨੀਆ ਅਤੇ ਟੈਕਨੀਕਲ ਢੰਗ ਨਾਲ ਕੀਤੀ ਗਈ ਜੋ ਦੋਰਾਨੇ ਤਫਤੀਸ਼ ਮੁਕੱਦਮਾ ਹਜਾ ਵਿੱਚ ਦੋਸ਼ੀ ਬਲਜਿੰਦਰ ਸਿੰਘ ਉਰਫ ਕਾਲਾ ਪੁੱਤਰ ਮਨਮੋਹਣ ਸਿੰਘ ਅਤੇ ਅਰੁਣ ਕੁਮਾਰ ਉਰਫ ਅਰੁਣ ਪੁੱਤਰ ਤਰਸੇਮ ਸਿੰਘ ਵਾਸੀਆਨ ਮੁੱਜਫਰਪੁਰ ਥਾਣਾ ਰਾਹੋ ਨੂੰ ਮਿਤੀ 14-03-2026 ਨੂੰ ਗ੍ਰਿਫਤਾਰ ਕਰਕੇ ਉਹਨਾ ਪਾਸੋ ਵਾਰਦਾਤ ਵਿੱਚ ਖੋਹ ਕੀਤਾ ਮੋਟਰਸਾਇਕਲ ਡੀਲਕਸ ਨੰਬਰ ਫਭ-24-ਜੈਡ-1825 ਰੰਗ ਲਾਲ ਕਾਲਾ ਅਤੇ ਇੱਕ ਦਾਤਰ ਲੋਹਾ ਤੇ 2 ਵੰਜੇ (ਲੱਕੜ) ਬ੍ਰਾਮਦ ਕੀਤੇ ਗਏ। ਮੁਕੱਦਮਾ ਦੇ ਦੋਸ਼ੀਆਨ ਬਲਜਿੰਦਰ ਸਿੰਘ ਉਰਫ ਕਾਲਾ ਅਤੇ ਅਰੁਣ ਕੁਮਾਰ ਉਰਫ ਅਰੁਣ ਉਕਤਾਨ ਵਲੋ ਨਵਾਂਸ਼ਹਿਰ ਦੇ ਇਲਾਕੇ ਵਿੱਚ ਹੋਰ ਵੱਖ-ਵੱਖ ਥਾਵਾਂ ਤੇ ਕੀਤੀਆਂ ਗਈਆਂ ਲੁੱਟ-ਖੋਹ ਦੀਆਂ ਵਾਰਦਾਤਾਂ ਸਬੰਧੀ ਡੂੰਘਾਈ ਨਾਲ ਪੁੱਛ-ਗਿੱਛ ਕੀਤੀ ਜਾ ਰਹੀ ਹੈ।

# ਸ਼ਹੀਦ ਭਗਤ ਸਿੰਘ ਦੀ ਸੋਚ ਅਤੇ ਇਨਕਲਾਬੀ ਵਿਚਾਰਧਾਰਾ ਨੂੰ ਅਪਣਾਉਣ ਦੀ ਲੋੜ-ਟਿਵਾਣਾ

## 23 ਮਾਰਚ ਨੂੰ ਮਨਾਇਆ ਜਾਵੇਗਾ ਸ਼ਹੀਦੀ ਦਿਨ, ਗਾਇਕੀ ਰਾਹੀਂ ਸ਼ਰਧਾ ਦੇ ਫੁੱਲ ਭੇਟ ਕਰਨਗੇ ਗਾਇਕ



**ਲੁਧਿਆਣਾ 16 ਮਾਰਚ (ਕਰਨੈਲ ਸਿੰਘ ਐੱਮ.ਏ.)** ਸੰਯੁਕਤ ਸ਼ਹਿਰੀ ਕਿਸਾਨ ਮਜ਼ਦੂਰ ਮੋਰਚਾ (ਟਿਵਾਣਾ) ਵੱਲੋਂ ਸ਼ਹੀਦ-ਏ-ਆਜ਼ਮ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਵਸ 23 ਮਾਰਚ ਦਿਨ ਸੋਮਵਾਰ ਨੂੰ ਮੋਟਰ ਪਾਰਟਸ ਮਾਰਕੀਟ, ਗਲੀ ਨੰਬਰ 6 ਦੇ ਬਾਹਰ ਨੇੜੇ ਮੰਜੂ ਸਿਨੇਮਾ ਜੀ.ਟੀ.ਰੋਡ, ਮਿਲਰਗੰਜ ਵਿਖੇ ਸ਼ਾਮ ਸਮੇਂ ਮਨਾਇਆ ਜਾਵੇਗਾ। ਇਸ ਸੰਬੰਧੀ ਜਾਣਕਾਰੀ ਮੋਰਚਾ ਦੇ ਮੁਖੀ ਇੰਦਰਪ੍ਰੀਤ ਸਿੰਘ ਟਿਵਾਣਾ ਅਤੇ ਮੋਰਚੇ ਦੇ ਮੈਂਬਰਾਂ ਵੱਲੋਂ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਸ ਮੌਕੇ ਪੰਜਾਬੀ ਲੋਕ ਗਾਇਕ ਆਤਮਾ ਬੁੱਢੇਵਾਲੀਆ, ਨੀਤੂ ਵਿਰਕ, ਮਲਕੀਤ ਮੰਗਾ, ਜੀਤਾ ਪਵਾਰ, ਗੋਲਡੀ ਚੌਹਾਨ ਸਮੇਤ ਹੋਰ ਕਈ ਪੰਜਾਬੀ ਕਲਾਕਾਰ ਪੰਜਾਬ ਦੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਦਰਸਾਉਂਦਾ ਅਖਾੜਾ ਲਗਾ ਕੇ ਆਪਣੀ ਗਾਇਕੀ ਰਾਹੀਂ ਕੌਮੀ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ। ਇੰਦਰਪ੍ਰੀਤ ਸਿੰਘ ਟਿਵਾਣਾ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਸਾਡੀ ਕੌਮ ਲਈ ਪ੍ਰੇਰਣਾ ਦਾ ਸਰੋਤ ਹੈ ਅਤੇ ਸਾਨੂੰ ਉਨ੍ਹਾਂ ਦੀ ਸੋਚ ਅਤੇ ਇਨਕਲਾਬੀ ਵਿਚਾਰਧਾਰਾ ਨੂੰ ਅਪਣਾਉਣ ਦੀ ਲੋੜ ਹੈ। ਉਨ੍ਹਾਂ ਸ਼ਹੀਦਾਂ ਨੂੰ ਪਿਆਰ ਕਰਨ ਵਾਲੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਸਮਾਗਮ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚ ਕੇ ਸ਼ਹੀਦ ਭਗਤ ਸਿੰਘ ਨੂੰ ਸੱਚੀ ਸ਼ਰਧਾਂਜਲੀ ਭੇਟ ਕਰਨ। ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਸਮਾਗਮ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਲੋਕ ਬਸੰਤੀ ਪੁਸ਼ਾਕ ਜਾਂ ਬਸੰਤੀ ਰੰਗ ਦੀ ਪੱਗ ਸਿਰ ਤੇ ਸਜਾ ਕੇ ਆਉਣ, ਤਾਂ ਜੋ ਸ਼ਹੀਦ ਭਗਤ ਸਿੰਘ ਦੀ ਇਨਕਲਾਬੀ ਰੂਹ ਅਤੇ ਜਜ਼ਬੇ ਨੂੰ ਸਨਮਾਨ ਦਿੱਤਾ ਜਾ ਸਕੇ। ਇਸ ਮੌਕੇ ਵਿਸ਼ੇਸ਼ ਤੌਰ ਤੇ ਫਤਿਹਗੜ੍ਹ ਸਾਹਿਬ ਤੋਂ ਹਰਮੀਤ ਸਿੰਘ ਗਿੱਲ, ਰਵਿੰਦਰ ਸਿੰਘ, ਮਨਜੀਤ ਸਿੰਘ ਮੰਨਾ, ਗੁਰਪ੍ਰੀਤ ਸਿੰਘ ਟਿਵਾਣਾ, ਜਗਦੀਪ ਸਿੰਘ ਵੀ ਹਾਜ਼ਰ ਸਨ।

# ਖੰਨਾ ਬਲਾਕ ਦਫ਼ਤਰ ਨੂੰ ਤਾਲਾ ਲਾਉਣ ਜਾ ਰਹੇ ਕਾਂਗਰਸੀ ਪੁਲਿਸ ਨੇ ਬੱਸਾਂ ਵਿੱਚ ਤਾੜੇ

**●ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਕੋਟਲੀ ਸਮੇਤ ਆਗੂ ਪੁਲਸ ਨੇ ਕੀਤੇ ਡਿਟੇਨ●ਮੰਗੂਪੁਰ ਦੀ ਤਰਜ਼ 'ਤੇ ਕਾਂਗਰਸੀਆਂ ਨੂੰ ਖੰਨਾ 'ਚ ਕੀਤਾ ਪ੍ਰਦਰਸ਼ਨ ਪਿਆ ਉਲਟਾ**



**ਖੰਨਾ 16 ਮਾਰਚ (ਜਤਿੰਦਰ ਪਾਲ ਸਿੰਘ ਕਲੇਰ )** ਖੰਨਾ ਵਿਚ ਅੱਜ ਬਲਾਕ ਸੰਮਤੀ ਚੇਅਰਮੈਨ ਅਤੇ ਉਪ-ਚੇਅਰਮੈਨ ਦੀ ਚੋਣ ਦੇ ਵਿਰੋਧ ਵਿਚ ਬੀ.ਡੀ.ਪੀ.ਓ. ਦਫ਼ਤਰ ਨੂੰ ਤਾਲਾ ਜੜਨ ਜਾ ਰਹੇ ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ ਅਤੇ ਉਨ੍ਹਾਂ ਦੇ ਕਈ ਸਾਥੀਆਂ ਨੂੰ ਪੁਲਸ ਵੱਲੋਂ ਹਿਰਾਸਤ ਵਿਚ ਲੈ ਲਿਆ ਗਿਆ। ਕਾਂਗਰਸ ਵੱਲੋਂ ਪਹਿਲਾਂ ਹੀ ਇਸ ਸਬੰਧੀ ਪ੍ਰਦਰਸ਼ਨ ਦਾ ਐਲਾਨ ਕੀਤਾ ਗਿਆ ਸੀ, ਜਿਸ ਦੇ ਮੱਦੇਨਜ਼ਰ ਸ਼ਹਿਰ ਵਿਚ ਪੁਲਸ ਪ੍ਰਸ਼ਾਸਨ ਅਲਰਟ ਮੋਡ ‘ਤੇ ਸੀ। ਕਿਉਂਕਿ ਥੋੜੇ ਦਿਨ ਪਹਿਲਾਂ ਬਲਾਚੌਰ 'ਚ ਵੀ ਇਸੇ ਤਰ੍ਹਾਂ ਕਾਂਗਰਸੀ ਆਗੂਆਂ ਨੇ ਅਜੇ ਮੰਗੂਪੁਰ ਦੀ ਅਗਵਾਈ ਵਿੱਚ ਬਲਾਕ ਚੇਅਰਮੈਨ ਦੀ ਚੋਣ ਨਾ ਕਰਾਉਣ ਕਰਕੇ ਬਲਾਕ ਦਫ਼ਤਰ ਨੂੰ ਤਾਲਾ ਜੜ੍ਹ ਦਿੱਤਾ ਸੀ। ਜਾਣਕਾਰੀ ਮੁਤਾਬਕ ਸਮਰਾਲਾ ਚੌਂਕ ਵਿਚ ਗੁਰਕੀਰਤ ਸਿੰਘ ਕੋਟਲੀ ਦੀ ਅਗਵਾਈ ਹੇਠ ਪਾਰਟੀ ਦੇ ਆਗੂ ਅਤੇ ਵਰਕਰ ਵੱਡੀ ਗਿਣਤੀ ਵਿਚ ਇਕੱਠੇ ਹੋਏ। ਇੱਥੇ ਕਾਂਗਰਸੀਆਂ ਵੱਲੋਂ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਬਲਾਕ ਸੰਮਤੀ ਚੋਣਾਂ ਨੂੰ ਗੈਰ-ਲੋਕਤੰਤਰਿਕ ਦੱਸਿਆ ਗਿਆ। ਇਸ ਮਗਰੋਂ ਜਿਵੇਂ ਹੀ ਪ੍ਰਦਰਸ਼ਨਕਾਰੀ ਬੀ.ਡੀ.ਪੀ.ਓ. ਦਫ਼ਤਰ ਵੱਲ ਤਾਲਾ ਜੜਨ ਲਈ ਤੁਰੇ ਤਾਂ ਪੁਲਸ ਨੇ ਉਨ੍ਹਾਂ ਨੂੰ ਘੇਰਾ ਪਾ ਲਿਆ। ਪੁਲਸ ਵੱਲੋਂ ਸਭ ਤੋਂ ਪਹਿਲਾਂ ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ ਨੂੰ ਹਿਰਾਸਤ ਵਿਚ ਲਿਆ ਗਿਆ ਅਤੇ ਇਸ ਤੋਂ ਬਾਅਦ ਕਰੀਬ 40 ਤੋਂ 50 ਕਾਂਗਰਸੀ ਆਗੂਆਂ ਅਤੇ ਵਰਕਰਾਂ ਨੂੰ ਵੀ ਕਾਬੂ ਕਰ ਲਿਆ ਗਿਆ। ਹਿਰਾਸਤ ਵਿਚ ਲਏ ਗਏ ਸਾਰੇ ਆਗੂਆਂ ਅਤੇ ਵਰਕਰਾਂ ਨੂੰ ਦੋ ਬੱਸਾਂ ਵਿਚ ਬਿਠਾ ਕੇ ਪੁਲਸ ਆਪਣੇ ਨਾਲ ਲੈ ਗਈ, ਜਿਸ ਨਾਲ ਬੀ.ਡੀ.ਪੀ.ਓ. ਦਫ਼ਤਰ ਨੂੰ ਤਾਲਾ ਜੜਨ ਦੀ ਕੋਸ਼ਿਸ਼ ਨਾਕਾਮ ਹੋ ਗਈ। ਮੌਕੇ ‘ਤੇ ਵੱਡੀ ਗਿਣਤੀ ਵਿਚ ਪੁਲਸ ਫੋਰਸ ਤਾਇਨਾਤ ਰਹੀ ਅਤੇ ਸਥਿਤੀ ਨੂੰ ਕਾਬੂ ਵਿਚ ਰੱਖਿਆ ਗਿਆ ਤਾਂ ਜੋ ਕਿਸੇ ਤਰ੍ਹਾਂ ਦੀ ਅਣਚਾਹੀ ਘਟਨਾ ਨਾ ਵਾਪਰੇ। ਹਿਰਾਸਤ ਵਿਚ ਲਏ ਜਾਣ ਤੋਂ ਪਹਿਲਾਂ ਗੁਰਕੀਰਤ ਸਿੰਘ ਕੋਟਲੀ ਨੇ ਕਿਹਾ ਕਿ ਉਹ ਕਿਸੇ ਵੀ ਦਬਾਅ ਜਾਂ ਕਾਰਵਾਈ ਤੋਂ ਡਰਨ ਵਾਲੇ ਨਹੀਂ ਹਨ ਅਤੇ ਪਾਰਟੀ ਵੱਲੋਂ ਲੋਕਤੰਤਰ ਦੀ ਬਹਾਲੀ ਲਈ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਆਮ ਆਦਮੀ ਪਾਰਟੀ ਨੇ ਬਲਾਕ ਸੰਮਤੀ ਚੋਣਾਂ ਦੌਰਾਨ ਲੋਕਤੰਤਰ ਦਾ ਕਤਲ ਕੀਤਾ ਹੈ, ਜਿਸ ਦਾ ਵਿਰੋਧ ਅੱਗੇ ਵੀ ਤਿੱਖੇ ਢੰਗ ਨਾਲ ਕੀਤਾ ਜਾਵੇਗਾ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਹਿੰਦ ਕਮਨਿਸਟ ਪਾਰਟੀ ਮਾਰਕਸਵਾਦੀ ਤਹਿਸੀਲ ਕਮੇਟੀ ਵੱਲੋਂ ਰਾਏਕੋਟ ਵਿਖੇ ਜਥਾ ਮਾਰਚ ਦਾ ਭਰਵਾਂ ਸਵਾਗਤ

## ਮਿਹਨਤ ਕਸ ਲੋਕਾਂ ਦੀ ਲੁੱਟ ਖਸੁੱਟ ਰੋਕਣ ਲਈ 24 ਮਾਰਚ 2026 ਨੂੰ ਵੱਡੀ ਗਿਣਤੀ ਵਿੱਚ ਦਿੱਲੀ ਚੱਲੋ ਕਾਮਰੇਡ ਸੇਖੋਂ

**ਰਾਏਕੋਟ 16 ਮਾਰਚ ਗੁਰਭਿੰਦਰ ਗੁਰੀ।** ਮਿਹਨਤ ਕਸ ਲੋਕਾਂ ਦੀ ਲੁੱਟ ਵਿਰੁੱਧ ਲੋਕ ਰੋਹ ਜੱਥੇ ਵਿੱਚ ਸ਼ਾਮਿਲ ਹੋਣ ਲਈ ਫਿਰਕੂ ਤੇ ਕਾਰਪੋਰੇਟ ਨੀਤੀਆਂ ਦੇ ਵਿਰੁੱਧ 24 ਮਾਰਚ ਨੂੰ ਦਿੱਲੀ ਵਿਖੇ ਜੱਥਾ ਮਾਰਚ ਵਿੱਚ ਸ਼ਾਮਿਲ ਹੋਣ ਲਈ ਅੱਜ ਰਾਏਕੋਟ ਵਿਖੇ ਤਹਿਸੀਲ ਕਮੇਟੀ ਵੱਲੋਂ ਜੱਥਾ ਮਾਰਚ ਦਾ ਭਰਵਾਂ ਸਵਾਗਤ ਕੀਤਾ ਗਿਆ ਇਸ ਮੌਕੇ ਸੀਪੀਐਮ ਆਈ ਪੰਜਾਬ ਦੇ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸ਼ੇਖੋਂ ਨੇ ਜੱਥਾ ਮਾਰਚ ਵਿੱਚ ਸ਼ਾਮਲ ਲੋਕਾਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਦੇਸ਼ ਦੀ ਲੋਕ ਅੱਜ ਬਹੁਤ ਹੀ ਔਖੇ ਹਾਲਤਾਂ ਵਿੱਚੋਂ ਲੰਘ ਰਹੇ ਹਨ। ਮਜ਼ਦੂਰ ਕਿਸਾਨ ਤੇ ਮਿਹਨਤ ਕਸ ਲੋਕਾਂ ਦੀ ਹਾਲਤ ਮੋਦੀ ਸਰਕਾਰ ਦੇ ਰਾਜ ਵਿੱਚ ਬਦਤਰ ਹੋਈ ਹੈ ਵੱਖ-ਵੱਖ ਤਰ੍ਹਾਂ ਦੇ ਕਾਲੇ ਕਾਨੂੰਨ ਲਾਗੂ ਕੀਤੇ ਜਾ ਰਹੇ ਹਨ ਜਿਨਾਂ ਵਿੱਚ ਮਜ਼ਦੂਰ ਵਿਰੋਧੀ ਲੇਬਰ ਕੋਡ ਵੀ ਬੀ ਗ੍ਰਾਮ ਜੀ ਕੰਮ ਦੇ ਅਧਿਕਾਰ ਦਾ ਅੰਤ ਕਿਸਾਨ ਵਿਰੋਧੀ ਬੀਜ ਬਿੱਲ 2026 ਬਿਜਲੀ ਸੋਧ ਬਿੱਲ 2025 ਅਮਰੀਕਾ ਵਪਾਰ ਸਮਝੌਤਾ ਇਸ ਤਰ੍ਹਾਂ ਦੇ ਹੋਰ ਵੀ ਅਨੇਕਾਂ ਕਾਲੇ ਕਾਨੂੰਨ ਲਿਆਂਦੇ ਜਾ ਰਹੇ ਹਨਇਹ ਸਮਾਂ ਬਹੁਤ ਹੀ ਚੁਣੌਤੀਪੂਰਨ ਹੈ ਅਸੀਂ ਜਥਿਆਂ ਦੇ ਰੂਪ ਵਿੱਚ ਪਿੰਡਾਂ ਤੇ ਸ਼ਹਿਰਾਂ ਵਿੱਚ ਜਾ ਕੇ ਲੋਕਾਂ ਨਾਲ ਵਿਚਾਰ ਚਰਚਾ ਕਰ ਰਹੇ ਹਾਂ ਇਹਨਾ ਜੱਥਿਆਂ ਦੀ ਸਮਾਪਤੀ 24 ਮਾਰਚ ਨੂੰ ਦਿੱਲੀ ਵਿਖੇ ਵਿਸ਼ਾਲ ਦੇਸ਼ ਪਧਰੀ ਰੈਲੀ





ਨਾਲ ਹੋਵੇਗੀ ਕਾਮਰੇਡ ਸੁਖਵਿੰਦਰ ਸਿੰਘ ਸੇਖੋ ਨੇ ਆਖਿਆ ਕਿ ਆਓ ਆਪਣੇ ਦੋਸਤਾਂ ਪਰਿਵਾਰ ਤੇ ਸਾਥੀਆਂ ਨਾਲ 24 ਮਾਰਚ ਨੂੰ ਦਿੱਲੀ ਪਹੁੰਚੀਏ ਤੇ ਇਹ ਸੰਕਲਪ ਲਈਏ ਕਿ ਆਜ਼ਾਦੀ ਦੀ ਲੜਾਈ ਵਿੱਚ ਦਿੱਤੀਆਂ ਕੁਰਬਾਨੀਆਂ ਵਿਅਰਥ ਨਹੀਂ ਜਾਣ ਦੇਵਾਂਗੇ। ਤੇ ਇਸ ਨੂੰ ਕੁਝ ਕਾਰਪੋਰੇਟ ਘਰਾਣਿਆਂ ਦਾ ਖੇਡ ਮੈਦਾਨ ਕਿਸੇ ਵਿਦੇਸ਼ੀ ਤਾਕਤ ਦਾ ਤਾਬੇਦਾਰ ਨਫਰਤ ਅਤੇ ਹਨੇਰੇ ਵੱਲ ਧੱਕਿਆ ਜਾਣ ਵਾਲਾ ਰਾਸ਼ਟਰ ਨਹੀਂ ਬਣਨ ਦੇਵਾਂਗੇ ਉਹਨਾਂ ਇਕੱਤਰ ਸਾਥੀਆਂ ਨੂੰ ਆਖਿਆ ਕਿ ਵੱਡੀ ਗਿਣਤੀ ਵਿੱਚ 24 ਮਾਰਚ ਨੂੰ ਦਿੱਲੀ ਦੇ ਜੱਥਾ ਮਾਰਚ ਵਿੱਚ ਸ਼ਾਮਿਲ ਹੋਣ ਲਈ ਹੁਣ ਤੋਂ ਹੀ ਤਿਆਰੀਆਂ ਕਰ ਲਓ ਇਸ ਮੌਕੇ ਬਲਜੀਤ ਸਿੰਘ ਗਰੇਵਾਲਜਤਿੰਦਰ ਪਾਲ ਸਿੰਘ ਬਲਜੀਤ ਸਿੰਘ ਸਾਹੀ ਮੇਜਰ ਸਿੰਘ ਭਿੱਖੀਵਿੰਡ ਸਤਨਾਮ ਸਿੰਘ ਬੈਂਸ ਹਰਪਾਲ ਸਿੰਘ ਭੈਣੀ ਦਰੇੜਾ ਮਾਸਟਰ ਮੁਖਤਿਆਰ ਸਿੰਘ ਕੁਲਦੀਪ ਸਿੰਘ ਜੌਲਾ ਬਲਵੀਰ ਸਿੰਘ ਜਲਾਲ ਦੀਵਾਲ ਸੁਖਦੀਪ ਸਿੰਘ ਡੀ ਵਾਈ ਐਫ ਆਈ ਮਨਪ੍ਰੀਤ ਸਿੰਘ ਸੁਖਦੇਵ ਸਿੰਘ ਸੁਰਿੰਦਰ ਸਿੰਘ ਸੀਲੋਆਣੀ ਬਹਾਦਰ ਸਿੰਘ ਪ੍ਰਦੀਪ ਸਿੰਘ ਗੁਰਮੀਤ ਸਿੰਘ ਤੇ ਹੋਰ ਅਨੇਕਾਂ ਸਾਥੀ ਹਾਜਰ ਸਨ।

# ਲੁਧਿਆਣਾ ਵਿੱਚ ਗਰਭ ਅਵਸਥਾ ਦੌਰਾਨ ਔਰਤਾਂ ਨੂੰ ਹੋਣ ਵਾਲੀਆਂ ਬਿਮਾਰੀਆਂ ਬਾਰੇ ਇੱਕ ਸੈਮੀਨਾਰ ਆਯੋਜਿਤ ਕੀਤਾ ਗਿਆ




**ਲੁਧਿਆਣਾ 16 ਮਾਰਚ (ਕਰਨੈਲ ਸਿੰਘ ਐੱਮ.ਏ.)** ਲੁਧਿਆਣਾ ਵਿੱਚ ਔਰਤਾਂ ਦੀਆਂ ਬਿਮਾਰੀਆਂ ਬਾਰੇ ਇੱਕ ਸੈਮੀਨਾਰ ਆਯੋਜਿਤ ਕੀਤਾ ਗਿਆ। ਪ੍ਰਧਾਨ ਡਾ: ਗਿੰਨੀ ਗੁਪਤਾ ਨੇ ਦੱਸਿਆ ਕਿ ਸੈਮੀਨਾਰ ਵਿੱਚ ਵਿਸ਼ੇਸ਼ ਤੌਰ 'ਤੇ ਗਾਇਨੀਕੋਲੋਜੀ ਵਿਸ਼ੇ 'ਤੇ ਕੇਂਦ੍ਰਿਤ ਕੀਤਾ ਗਿਆ ਸੀ ਅਤੇ ਗਰਭ ਅਵਸਥਾ ਤੋਂ ਪਹਿਲਾਂ ਬਿਮਾਰੀਆਂ ਨੂੰ ਕਿਵੇਂ ਰੋਕਿਆ ਜਾਵੇ, ਇਸ ਬਾਰੇ ਚਰਚਾ ਕੀਤੀ ਗਈ ਸੀ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ 21 ਨੌਜਵਾਨ ਡਾਕਟਰਾਂ ਨੇ ਸੈਮੀਨਾਰ ਵਿੱਚ ਹਿੱਸਾ ਲਿਆ।

ਇਸ ਸੈਮੀਨਾਰ ਵਿੱਚ ਨੌਜਵਾਨ ਡਾਕਟਰਾਂ ਅਤੇ ਤਜ਼ਰਬੇਕਾਰ ਡਾਕਟਰਾਂ ਨੇ ਵੱਖ-ਵੱਖ ਬਿਮਾਰੀਆਂ 'ਤੇ ਚਰਚਾ ਕੀਤੀ ਅਤੇ ਨੌਜਵਾਨ ਡਾਕਟਰਾਂ ਨੂੰ ਉਨ੍ਹਾਂ ਦੇ ਹੱਲ ਬਾਰੇ ਜਾਣਕਾਰੀ ਦਿੱਤੀ। ਡਾ: ਗਿੰਨੀ ਗੁਪਤਾ ਨੇ ਕਿਹਾ ਕਿ ਔਰਤਾਂ ਨੂੰ ਗਰਭ ਅਵਸਥਾ ਦੌਰਾਨ ਆਪਣੀ ਸਿਹਤ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ ਆਪਣੀ ਖ਼ੁਰਾਕ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਔਰਤਾਂ ਨੂੰ ਸਿਹਤ ਬਾਰੇ ਜਾਗਰੂਕ ਕਰਨ ਲਈ ਸੈਮੀਨਾਰ ਆਯੋਜਿਤ ਕੀਤੇ ਜਾਂਦੇ ਰਹਿਣਗੇ। ਇਸ ਸੈਮੀਨਾਰ ਵਿੱਚ 200 ਤੋਂ ਵੱਧ ਡਾਕਟਰਾਂ ਨੇ ਹਿੱਸਾ ਲਿਆ।

# ਸੁਆਮੀ ਗੰਗਾਨੰਦ ਜੀ ਭੂਰੀ ਵਾਲੇ ਗਊਸ਼ਾਲਾ ਟ੍ਰਸਟ ਵੱਲੋਂ ਬੇਸਹਾਰਾ ਗਊਆਂ ਜੋ ਸੜਕ ਹਾਦਸਿਆਂ ਦਾ ਕਾਰਨ ਬਣਦੀਆਂ ਹਨ, ਉਹਨਾਂ ਲਈ ਗਊਸ਼ਾਲਾ ਦਾ ਨੀਂਹ-ਪੱਥਰ ਰੱਖਿਆ

***ਗਊਸ਼ਾਲਾ ਦਾ ਸ਼ੁਭ ਆਰੰਭ ਜਥੇਦਾਰ ਰਣਜੀਤ ਸਿੰਘ, ਸੰਤ ਕਰਮਦਾਸ, ਬਾਵਾ, ਬਾਂਸਲ, ਬੱਸੀ, ਦਾਖਾ, ਡੂੰਗਰ, ਗੁਪਤਾ, ਸੰਧੂ, ਦੀਵਾਨ, ਕਾਲੀਆ, ਨਿਤਿਨ, ਸਫਰੀ ਨੇ ਰੱਖਿਆ**



**ਲੁਧਿਆਣਾ 16 ਮਾਰਚ (ਕਰਨੈਲ ਸਿੰਘ ਐੱਮ.ਏ.)-** ਅੱਜ ਰਕਬਾ ਭਵਨ ਦੇ ਨਾਲ ਸੁਆਮੀ ਗੰਗਾਨੰਦ ਜੀ ਭੂਰੀ ਵਾਲੇ ਗਊਸ਼ਾਲਾ ਟ੍ਰਸਟ ਵੱਲੋਂ ਬੇਸਹਾਰਾ ਗਊਆਂ ਜੋ ਕਈ ਵਾਰ ਸੜਕ ਹਾਦਸਿਆਂ ਦਾ ਕਾਰਨ ਬਣਦੀਆਂ ਹਨ, ਉਹਨਾਂ ਦੀ ਸੇਵਾ ਸੰਭਾਲ ਲਈ ਗਊਸ਼ਾਲਾ ਦਾ ਨੀਂਹ-ਪੱਥਰ ਤਖਤ ਸ਼੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਰਣਜੀਤ ਸਿੰਘ, ਸੰਤ ਕਰਮ ਦਾਸ ਗੱਦੀਨਸ਼ੀਨ ਗਰੀਬ ਦਾਸ ਡੇਰਾ ਨੂਰਮਹਿਲ, ਕ੍ਰਿਸ਼ਨ ਕੁਮਾਰ ਬਾਵਾ, ਰਾਜ ਪੁਰੋਹਿਤ ਡੂੰਗਰ ਸਿੰਘ, ਬੀ.ਕੇ ਬਾਂਸਲ, ਉੱਘੇ ਸਨਅਤਕਾਰ ਗਿਰਧਾਰੀ ਲਾਲ ਬੱਸੀ, ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ, ਕਾਂਗਰਸ ਪਾਰਟੀ ਦੇ ਹਲਕਾ ਦਾਖਾ ਦੇ ਇੰਚਾਰਜ ਸੰਦੀਪ ਸੰਧੂ, ਪਵਨ ਦੀਵਾਨ, ਸਮਾਜਸੇਵੀ ਵਿਨੋਦ ਕਾਲੀਆ, ਯੂਥ ਨੇਤਾ ਨਿਤਿਨ, ਤਰਲੋਚਨ ਸਫਰੀ, ਸੰਤੋਖ ਸਿੰਘ, ਬੈਰਾਗੀ ਭਲਾਈ ਬੋਰਡ ਦੇ ਪੰਜਾਬ ਦੇ ਮੈਂਬਰ ਐਡਵੋਕੇਟ ਬੂਟਾ ਸਿੰਘ ਬੈਰਾਗੀ, ਸੰਤੋਸ਼ ਸ਼ਰਮਾ, ਰਜਿੰਦਰਪਾਲ ਬਾਂਸਲ, ਠੇਕੇਦਾਰ ਰਣਜੀਤ ਸਿੰਘ, ਕਰਨੈਲ ਸਿੰਘ ਗਿੱਲ, ਪ੍ਰਵੀਨ ਗਾਂਧੀ, ਤੇਲੂ ਰਾਮ ਬਾਂਸਲ ਨੇ ਰੱਖਣ ਦੀ ਰਸਮ ਪ੍ਰਭੂ ਦਾ ਸਿਮਰਨ ਕਰਦਿਆਂ ਪੂਰੀ ਕੀਤੀ।

ਇਸ ਸਮੇਂ ਬੋਲਦਿਆਂ ਜਥੇਦਾਰ, ਦਾਖਾ, ਸੰਧੂ ਅਤੇ ਬਾਵਾ ਨੇ ਕਿਹਾ ਕਿ ਸਾਡੀ ਸੰਸਕ੍ਰਿਤੀ, ਸੱਭਿਆਚਾਰ ਅਤੇ ਮਹਾਨ ਗੁਰੂਆਂ ਦਾ ਉਪਦੇਸ਼ ਸਾਨੂੰ ਗਊਆਂ ਦਾ ਦੁੱਧ ਪੀ ਕੇ ਬੇਸਹਾਰਾ ਛੱਡਣ ਦੀ ਇਜ਼ਾਜ਼ਤ ਨਹੀਂ ਦਿੰਦਾ। ਉਹਨਾਂ ਕਿਹਾ ਕਿ ਗਊ ਨੂੰ ਮਾਤਾ ਦਾ ਦਰਜਾ ਅਤੇ ਸਾਡੇ ਧਾਰਮਿਕ ਗ੍ਰੰਥਾਂ ਵਿੱਚ ਦਿੱਤਾ ਗਿਆ ਹੈ ਕਿਉਂਕਿ ਪੁਰਾਤਨ ਸਮੇਂ ਤੋਂ ਗਊ ਦੇ ਬਛੜੇ ਹੀ ਬਲਦਾਂ ਦੇ ਰੂਪ ਵਿੱਚ ਹਲ ਵਾਹ ਕੇ ਸਾਡੇ ਸਮਾਜ ਲਈ ਅੰਨ ਪੈਦਾ ਕਰਦੇ ਹਨ। ਜਿਸ ਨਾਲ ਸਾਡੇ ਜੀਵਨ ਦਾ ਨਿਰਬਾਹ ਹੁੰਦਾ ਹੈ। ਇਸ ਲਈ ਹੀ ਗਊ ਨੂੰ ਮਾਤਾ ਕਹਿੰਦੇ ਹਨ। ਉਹਨਾਂ ਕਿਹਾ ਕਿ ਲੋੜ ਹੈ ਸੇਵਾ ਦੀ ਭਾਵਨਾ ਨੂੰ ਹਿਰਦੇ ਅੰਦਰ



ਧਾਰਨ ਕਰਦੇ ਹੋਏ ਗਊਆਂ ਨੂੰ ਬੇਸਹਾਰਾ ਨਾ ਛੱਡੀਏ ਅਤੇ ਕੀਮਤੀ ਜਾਨਾਂ ਬਚਾਉਣ ਲਈ ਸੜਕ ਹਾਦਸੇ ਰੋਕਣ ਵਿੱਚ ਮੋਹਰੀ ਰੋਲ ਅਦਾ ਕਰੀਏ।

ਇਸ ਸਮੇਂ ਬਾਂਸਲ, ਕਾਲੀਆ, ਬੱਸੀ, ਨਿਤਿਨ ਨੇ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਇਸ ਮਹਾਨ ਯੱਗ ਵਿੱਚ ਸੇਵਾ ਦੀ ਆਹੂਤੀ ਪਾਉਂਦੇ ਹੋਏ ਸੋਹਣੇ ਸਮਾਜ ਦੀ ਸਿਰਜਣਾ ਲਈ ਯੋਗਦਾਨ ਪਾਈਏ। ਇਸ ਸਮੇਂ ਮਦਨ ਗੋਇਲ ਉੱਘੇ ਸਨਅਤਕਾਰਾਂ ਅਤੇ ਮਹਾਂਪੁਰਸ਼ਾਂ ਵੱਲੋਂ ਨਾਮ ਜਪ ਕੇ ਜੋ ਇੱਟਾਂ ਭੇਜੀਆਂ ਗਈਆਂ ਉਹ ਨੀਹਾਂ ਵਿੱਚ ਲਗਾਈਆਂ ਗਈਆਂ ਅਤੇ ਟ੍ਰਸਟ ਦੇ ਮੁਖੀ ਅਵਿਨਾਸ਼ ਗੁਪਤਾ ਜੀ ਦਾ ਸਰਪ੍ਰਸਤੀ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਸਮੇਂ ਸਮਾਜ ਸੇਵੀ ਗੁਰ-ਪਾਲ ਸਿੰਘ, ਕੁਲਵਿੰਦਰ ਕੌਰ, ਗੁੱਜਰ ਸਮਾਜ ਦੇ ਪ੍ਰਧਾਨ ਲਵਲੀ ਚੌਧਰੀ, ਅਰਜੁਨ ਬਾਵਾ, ਬਿੱਟੂ ਬਾਵਾ, ਸਮਾਜਸੇਵੀ ਜਗਜੀਵਨ ਸਿੰਘ ਗਰੀਬ, ਡਾ: ਪਰਮਜੀਤ ਸਿੰਘ, ਬੀਬੀ ਮਨਜੀਤ ਕੌਰ ਸਰੋਏ, ਸਮਾਜ ਸੇਵੀ ਗੁਰਨਾਮ ਸਿੰਘ ਕਲੇਰ, ਜਸਵੰਤ ਸਿੰਘ ਛਾਪਾ, ਸੰਜੇ ਠਾਕੁਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਕੋਵੈਂਟਰੀ ਦੇ ਪਾਰਕ 'ਚ ਕੂੜੇ ਦੇ ਡੱਬੇ 'ਚੋਂ ਵਿਅਕਤੀ ਦੀ ਲਾਸ਼ ਮਿਲੀ, ਤਿੰਨ ਗ੍ਰਿਫ਼ਤਾਰ



ਘਟਨਾ ਵਾਲੀ ਜਗਾ ਜਿਸ ਕੂੜੇ ਦੇ ਡੱਬੇ ਚੋ ਲਾਸ ਮਿਲੀ ! ਤਸਵੀਰ :-ਸੁਖਜਿੰਦਰ ਸਿੰਘ ਢੱਡੇ

**ਲੈਸਟਰ (ਇੰਗਲੈਂਡ), 16 ਮਾਰਚ (ਸੁਖਜਿੰਦਰ ਸਿੰਘ ਢੱਡੇ)-** ਇੰਗਲੈਂਡ ਦੇ ਸ਼ਹਿਰ ਕੋਵੈਂਟਰੀ ਵਿੱਚ ਇਕ ਪਾਰਕ ਵਿਚੋਂ ਕੂੜੇ ਦੇ ਡੱਬੇ (ਵੀਲੀ ਬਿਨ) ਵਿੱਚੋਂ ਇੱਕ ਵਿਅਕਤੀ ਦੀ ਲਾਸ਼ ਮਿਲਣ ਤੋਂ ਬਾਅਦ ਪੁਲਿਸ ਨੇ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਵੈਸਟ ਮਿਡਲੈਂਡਜ਼ ਪੁਲਿਸ ਮੁਤਾਬਕ ਇੱਕ ਪੁਰਸ਼ ਅਤੇ ਇੱਕ ਔਰਤ ਜੋ ਦੋਵੇਂ ਚਾਲੀ ਸਾਲ ਦੇ ਕਰੀਬ ਹਨ ਅਤੇ ਇੱਕ ਨੌਜਵਾਨ ਜੋ ਵੀਹਾਂ ਸਾਲਾਂ ਵਿੱਚ ਹੈ, ਨੂੰ ਕਤਲ ਦੇ ਸ਼ੱਕ ਅਤੇ ਅਪਰਾਧੀ ਦੀ ਮਦਦ ਕਰਨ ਦੇ ਦੋਸ਼ਾਂ ਹੇਠ ਹਿਰਾਸਤ ਵਿੱਚ ਲਿਆ ਗਿਆ ਹੈ।

ਪੁਲਿਸ ਅਨੁਸਾਰ ਇਹ ਤਿੰਨੇ ਸ਼ੱਕੀ ਵਿਅਕਤੀ ਬਲੈਕਪੂਲ ਤੋਂ ਗ੍ਰਿਫ਼ਤਾਰ ਕੀਤੇ ਗਏ ਹਨ ਅਤੇ ਉਨ੍ਹਾਂ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਿਸ ਨੇ ਦੱਸਿਆ ਕਿ ਮ੍ਰਿਤਕ ਵਿਅਕਤੀ ਦੀ ਪਛਾਣ ਕਰਨ ਅਤੇ ਮੌਤ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਜਾਰੀ ਹੈ।

ਜਾਣਕਾਰੀ ਅਨੁਸਾਰ ਸ਼ੁੱਕਰਵਾਰ ਸ਼ਾਮ ਕਰੀਬ 5 ਵਜੇ ਇੱਕ ਆਮ ਨਾਗਰਿਕ ਵੱਲੋਂ ਪੁਲਿਸ ਨੂੰ ਕੋਵੈਂਟਰੀ ਦੇ ਡਾਈਮਲਰ ਰੋਡ ਨੇੜੇ ਸਥਿਤ ਕੈਸ਼ ਪਾਰਕ ਤੋਂ ਸੂਚਨਾ ਦਿੱਤੀ ਗਈ ਸੀ। ਪੁਲਿਸ ਜਦੋਂ ਮੌਕੇ 'ਤੇ ਪਹੁੰਚੀ ਤਾਂ ਉਨ੍ਹਾਂ ਨੂੰ ਇੱਕ ਕੂੜੇ ਦੇ ਡੱਬੇ ਵਿੱਚੋਂ ਇਕ ਵਿਅਕਤੀ ਦੀ ਲਾਸ਼ ਮਿਲੀ। ਪੁਲਿਸ ਦਾ ਅੰਦਾਜ਼ਾ ਹੈ ਕਿ ਮ੍ਰਿਤਕ ਦੀ ਉਮਰ ਲਗਭਗ 40 ਤੋਂ 50 ਸਾਲ ਦੇ ਦਰਮਿਆਨ ਹੋ ਸਕਦੀ ਹੈ। ਪੁਲਿਸ ਨੂੰ ਸ਼ੱਕ ਹੈ ਕਿ ਇਸ ਵਿਅਕਤੀ ਨੂੰ ਪਹਿਲਾਂ ਕਿਸੇ ਵਾਹਨ ਨਾਲ ਟੱਕਰ ਮਾਰੀ ਗਈ ਅਤੇ ਬਾਅਦ ਵਿੱਚ ਉਸ ਦੀ ਲਾਸ਼ ਨੂੰ ਪਾਰਕ ਵਿੱਚ ਲਿਆ ਕੇ ਕੂੜੇ ਦੇ ਡੱਬੇ ਵਿੱਚ ਸੁੱਟਿਆ ਗਿਆ। ਮ੍ਰਿਤਕ ਦੀ ਪਛਾਣ ਲਈ ਪੁਲਿਸ ਨੇ ਉਸ ਦੇ ਸਰੀਰ 'ਤੇ ਬਣੇ ਵਿਸ਼ੇਸ਼ ਟੈਟੂਆਂ ਬਾਰੇ ਵੀ ਜਾਣਕਾਰੀ ਜਾਰੀ ਕੀਤੀ ਹੈ। ਇਨ੍ਹਾਂ ਵਿੱਚ ਪਿੱਠ 'ਤੇ ਸੱਪ ਨਾਲ ਲਪੇਟੇ ਹੋਏ ਸਲੀਬ ਦਾ ਨਿਸ਼ਾਨ ਅਤੇ "ਲਿਟਲ ਸਟਾਰਡਸਟ" ਲਿਖਿਆ ਟੈਟੂ ਸ਼ਾਮਲ ਹੈ। ਇਸ ਤੋਂ ਇਲਾਵਾ ਉਸ ਦੀ ਸੱਜੀ ਬਾਂਹ 'ਤੇ "ਨੈਨ" ਸ਼ਬਦ ਦੇ ਨਾਲ ਇੱਕ ਕਲੋਵਰ ਅਤੇ ਆਇਰਿਸ਼ ਝੰਡੇ ਦੇ ਰੰਗਾਂ ਵਾਲਾ ਟੈਟੂ ਵੀ ਬਣਿਆ ਹੋਇਆ ਸੀ। ਡਿਟੈਕਟਿਵ ਚੀਫ ਇੰਸਪੈਕਟਰ ਫਿਲ ਪੂਲ ਨੇ ਦੱਸਿਆ ਕਿ ਪੁਲਿਸ ਨੂੰ ਹੁਣ ਤੱਕ ਲੋਕਾਂ ਵੱਲੋਂ ਮਿਲੀ ਜਾਣਕਾਰੀ ਲਈ ਧੰਨਵਾਦ ਹੈ ਅਤੇ ਜਾਂਚ ਅਜੇ ਵੀ ਜਾਰੀ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਨੇ ਹਾਲ ਹੀ ਵਿੱਚ ਕਿਸੇ ਵਾਹਨ ਨੂੰ ਅਚਾਨਕ ਨੁਕਸਾਨ ਹੋਇਆ ਦੇਖਿਆ ਹੋਵੇ ਜਾਂ ਇਸ ਘਟਨਾ ਬਾਰੇ ਕੋਈ ਵੀ ਜਾਣਕਾਰੀ ਹੋਵੇ ਤਾਂ ਉਹ ਪੁਲਿਸ ਨਾਲ ਸੰਪਰਕ ਕਰਨ। ਇਲਾਕੇ ਦੇ ਰਹਿਣ ਵਾਲੇ ਅਜ਼ਹਰ ਅਲੀ ਨੇ ਕਿਹਾ ਕਿ ਘਟਨਾ ਤੋਂ ਬਾਅਦ ਪਾਰਕ ਅਤੇ ਆਸਪਾਸ ਦੇ ਇਲਾਕੇ ਵਿੱਚ ਪੁਲਿਸ ਦੀ ਭਾਰੀ ਮੌਜੂਦਗੀ ਦੇਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀ ਘਟਨਾ ਨਾਲ ਸਥਾਨਕ ਭਾਈਚਾਰੇ ਵਿੱਚ ਚਿੰਤਾ ਦਾ ਮਾਹੌਲ ਬਣ ਗਿਆ ਹੈ।

ਪੁਲਿਸ ਵੱਲੋਂ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਪਾਰਕ ਦੇ ਇਲਾਕੇ ਵਿੱਚ ਅਜੇ ਵੀ ਪੁਲਿਸ ਦੀ ਤਾਇਨਾਤੀ ਜਾਰੀ ਹੈ।

# ਯੂਨੀਵਰਸਿਟੀ ਕਾਲਜ ਦੇ ਵਿਦਿਆਰਥੀਆਂ ਦੁਆਰਾ ਕਿਲ੍ਹਾ ਗੋਬਿੰਦਗੜ੍ਹ ਦਾ ਦੌਰਾ



**ਕਪੂਰਥਲਾ, 16 ਮਾਰਚ (ਕੌੜਾ )-** ਬੇਬੇ ਨਾਨਕੀ ਯੂਨੀਵਰਸਿਟੀ ਕਾਲਜ (ਲੜਕੀਆਂ), ਫੱਤੂਢੀਂਗਾ ਦੇ ਵਿਦਿਆਰਥੀਆਂ ਲਈ ਇਤਿਹਾਸਕ ਕਿਲ੍ਹਾ ਗੋਬਿੰਦਗੜ੍ਹ ਦਾ ਸਿੱਖਿਆਤਮਕ ਦੌਰਾ ਕਾਲਜ ਦੇ ਪ੍ਰਿੰਸੀਪਲ ਡਾ. ਦਲਜੀਤ ਸਿੰਘ ਖਹਿਰਾ ਦੀ ਰਹਿਨੁਮਾਈ ਹੇਠ ਆਯੋਜਿਤ ਕੀਤਾ ਗਿਆ। ਇਸ ਦੌਰੇ ਦਾ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬ ਦੇ ਸ਼ਾਨਦਾਰ ਇਤਿਹਾਸ ਅਤੇ ਸੱਭਿਆਚਾਰਕ ਵਿਰਾਸਤ ਨਾਲ ਜਾਣੂ ਕਰਵਾਉਣਾ ਸੀ। ਇਸ ਦੌਰੇ ਦੌਰਾਨ ਵਿਦਿਆਰਥੀਆਂ ਨੇ ਕਿਲ੍ਹੇ ਦੇ ਇਤਿਹਾਸ ਬਾਰੇ ਵਿਸਥਾਰ ਨਾਲ ਜਾਣਕਾਰੀ ਪ੍ਰਾਪਤ ਕੀਤੀ। ਜਾਣਕਾਰੀ ਅਨੁਸਾਰ ਪਹਿਲਾਂ ਇਹ ਕਿਲ੍ਹਾ ਗੁੱਜਰ ਸਿੰਘ ਭੰਗੀ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਜਿਸ ਦਾ ਨਿਰਮਾਣ 1760-1770 ਦੇ ਦਹਾਕੇ ਵਿੱਚ ਭੰਗੀ ਮਿਸਲ ਦੇ ਸਰਦਾਰਾਂ ਵੱਲੋਂ ਕਰਵਾਇਆ ਗਿਆ ਸੀ। ਬਾਅਦ ਵਿੱਚ ਸਿੱਖ ਸਾਮਰਾਜ ਦੇ ਸੰਸਥਾਪਕ ਮਹਾਰਾਜਾ ਰਣਜੀਤ ਸਿੰਘ ਨੇ ਇਸ ਦੇ ਖੰਡਰਾਂ ਉੱਤੇ ਨਵਾਂ ਕਿਲ੍ਹਾ ਬਣਵਾਇਆ, ਜਿਸ ਦਾ ਨਿਰਮਾਣ 1805 ਤੋਂ 1809 ਤੱਕ ਚਾਰ ਸਾਲਾਂ ਵਿੱਚ ਪੂਰਾ ਹੋਇਆ। ਇਤਿਹਾਸਕ ਤੌਰ 'ਤੇ ਇਹ ਕਿਲ੍ਹਾ ਸ਼ਾਹੀ ਹਥਿਆਰਾਂ ਅਤੇ ਗੋਲਾ-ਬਾਰੂਦ ਦੇ ਭੰਡਾਰ ਦੇ ਨਾਲ ਨਾਲ ਸ਼ਾਹੀ ਖ਼ਜ਼ਾਨੇ ਦੀ ਸੰਭਾਲ ਲਈ ਵੀ ਵਰਤਿਆ ਜਾਂਦਾ ਸੀ ਅਤੇ ਇੱਥੇ ਟਕਸਾਲ ਵੀ ਸਥਾਪਿਤ ਕੀਤੀ ਗਈ ਸੀ। ਸਿੱਖ ਰਾਜ ਦੌਰਾਨ ਪ੍ਰਸਿੱਧ ਫਕੀਰ ਭਰਾਵਾਂ ਵਿੱਚੋਂ ਮੀਆਂ ਇਮਾਮੁੱਦੀਨ ਕਈ ਸਾਲਾਂ ਤੱਕ ਇਸ ਕਿਲ੍ਹੇ ਦੇ ਮੁਖੀ ਰਹੇ। ਬ੍ਰਿਟਿਸ਼ ਸ਼ਾਸਨ ਦੌਰਾਨ ਵੀ ਇਸ ਕਿਲ੍ਹੇ ਦੀ ਮਹੱਤਤਾ ਬਣੀ ਰਹੀ ਅਤੇ ਅੱਜ ਵੀ ਇਹ ਇਤਿਹਾਸਕ ਅਤੇ ਸੱਭਿਆਚਾਰਕ ਵਿਰਾਸਤ ਦੇ ਤੌਰ 'ਤੇ ਲੋਕਾਂ ਲਈ ਆਕਰਸ਼ਣ ਦਾ ਕੇਂਦਰ ਹੈ।

ਇਸ ਦੌਰੇ ਦੌਰਾਨ ਵਿਦਿਆਰਥੀਆਂ ਨੇ ਕਿਲ੍ਹੇ ਦੇ ਅੰਦਰ ਬਣੇ ਮਿਊਜ਼ੀਅਮ, ਕਲਾ ਪ੍ਰਦਰਸ਼ਨੀਆਂ ਅਤੇ ਵਿਰਾਸਤੀ ਢਾਂਚਿਆਂ ਨੂੰ ਦੇਖ ਕੇ ਪੰਜਾਬ ਦੇ ਸ਼ਾਨਦਾਰ ਇਤਿਹਾਸ ਅਤੇ ਸੰਸਕ੍ਰਿਤੀ ਨਾਲ ਜਾਣ-ਪਛਾਣ ਬਣਾਈ। ਇਸ ਮੌਕੇ ਉਨ੍ਹਾਂ ਨੇ ਪੁਰਾਤਨ ਹਥਿਆਰਾਂ, ਪੇਂਟਿੰਗਾਂ ਅਤੇ ਇਤਿਹਾਸਕ ਵਸਤੂਆਂ ਨੂੰ ਵੀ ਨਜ਼ਦੀਕ ਤੋਂ ਵੇਖਿਆ। ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਕਿਲ੍ਹੇ ਵਿੱਚ ਹੋ ਰਹੀਆਂ ਸਭਿਆਚਾਰਕ ਗਤੀਵਿਧੀਆਂ ਦਾ ਵੀ ਆਨੰਦ ਮਾਣਿਆ। ਇਸ ਮੌਕੇ ਪ੍ਰਿੰਸੀਪਲ ਡਾ. ਦਲਜੀਤ ਸਿੰਘ ਖਹਿਰਾ ਨੇ ਕਿਹਾ ਕਿ ਅਜਿਹੇ ਦੌਰੇ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਦੇ ਹਨ ਅਤੇ ਉਹਨਾਂ ਨੂੰ ਕਿਤਾਬੀ ਪੜ੍ਹਾਈ ਤੋਂ ਇਲਾਵਾ ਅਸਲੀ ਇਤਿਹਾਸ ਅਤੇ ਸਭਿਆਚਾਰ ਨਾਲ ਜੋੜਦੇ ਹਨ। ਉਨ੍ਹਾਂ ਨੇ ਕਿਹਾ ਕਿ ਕਾਲਜ ਹਮੇਸ਼ਾ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਅਜਿਹੀਆਂ ਗਤੀਵਿਧੀਆਂ ਕਰਵਾਉਂਦਾ ਰਹਿੰਦਾ ਹੈ। ਇਸ ਦੌਰੇ ਦੌਰਾਨ ਕਾਲਜ ਦੇ ਅਧਿਆਪਕਾਂ ਅਤੇ ਸਟਾਫ ਮੈਂਬਰਾਂ ਨੇ ਵੀ ਵਿਦਿਆਰਥੀਆਂ ਦੀ ਰਹਿਨੁਮਾਈ ਕੀਤੀ ਅਤੇ ਇਹ ਯਾਤਰਾ ਵਿਦਿਆਰਥੀਆਂ ਲਈ ਇੱਕ ਯਾਦਗਾਰ ਅਤੇ ਸਿਖਲਾਈ ਭਰਪੂਰ ਅਨੁਭਵ ਸਾਬਤ ਹੋਈ।

# ਰੇਲ ਕੋਚ ਫੈਕਟਰੀ, ਵਿੱਚ ਇੱਕ ਦਿਨਾਂ ਸੁਰੱਖਿਆ ਟ੍ਰੇਨਿੰਗ ਪ੍ਰੋਗਰਾਮ ਦਾ ਆਯੋਜਨ

**ਕਪੂਰਥਲਾ, 16 ਮਾਰਚ (ਕੌੜਾ )-** ਰੇਲ ਕੋਚ ਫੈਕਟਰੀ (ਆਰ ਸੀ ਐਫ), ਕਪੂਰਥਲਾ ਵਿੱਚ ਫੈਕਟਰੀਜ਼ ਡਾਇਰੈਕਟੋਰੇਟ, ਪੰਜਾਬ, ਚੰਡੀਗੜ੍ਹ ਅਤੇ ਪੰਜਾਬ ਇੰਡਸਟ੍ਰੀਅਲ ਸੇਫਟੀ ਕੌਂਸਲ, ਚੰਡੀਗੜ੍ਹ ਦੇ ਸਹਿਯੋਗ ਨਾਲ ਇੱਕ ਦਿਨਾਂ ਸੁਰੱਖਿਆ ਟ੍ਰੇਨਿੰਗ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਹ ਪ੍ਰੋਗਰਾਮ ਆਰ ਸੀ ਐਫ ਦੇ ਟੈਕਨੀਕਲ ਟ੍ਰੇਨਿੰਗ ਸੈਂਟਰ ਵਿੱਚ ਕਰਵਾਇਆ ਗਿਆ।

ਇਸ ਪ੍ਰੋਗਰਾਮ ਵਿੱਚ ਸੁਪਰਵਾਈਜ਼ਰਾਂ , ਤਕਨੀਕੀ ਕਰਮਚਾਰੀਆਂ ਅਤੇ ਠੇਕਾ ਕਰਮੀਆਂ ਸਮੇਤ ਲਗਭਗ 100 ਵਿਅਕਤੀਆਂ ਨੇ ਹਿੱਸਾ ਲਿਆ।

ਇਸ ਮੌਕੇ ਤੇ ਫੈਕਟਰੀਜ਼ ਉਪ ਨਿਰਦੇਸ਼ਕ, ਕਪੂਰਥਲਾ ਸ੍ਰੀ ਗੁਰਜੰਟ ਸਿੰਘ ਨੇ ਸੰਬੋਧਨ ਕਰਦਿਆਂ ਕਾਰਜ ਖੇਤਰ 'ਤੇ ਮਜ਼ਦੂਰਾਂ ਦੀ ਸਿਹਤ, ਸੁਰੱਖਿਆ ਅਤੇ ਭਲਾਈ ਦੇ ਮਹੱਤਵ 'ਤੇ ਵਿਸ਼ੇਸ਼ ਜ਼ੋਰ ਦਿੱਤਾ।

ਸੇਫ਼ਟੀ ਨਾਲ ਸੰਬੰਧਿਤ ਤਕਨੀਕੀ ਸੈਸ਼ਨ ਮਾਹਰਾਂ ਵੱਲੋਂ ਆਯੋਜਿਤ ਕੀਤੇ ਗਏ। ਸ੍ਰੀ ਸੋਮ ਰਾਜ (ਗੋਲਡ ਮੈਡਲਿਸਟ) ਨੇ ਫਰਸਟ ਏਡ ਬਾਰੇ, ਸ੍ਰੀ ਸੰਗੀਤਪਾਲ ਸਿੰਘ ਨੇ ਫੈਕਟਰੀ



ਐਕਟ 1948 ਬਾਰੇ, ਸ੍ਰੀ ਵਿਕਾਸ ਕੁਮਾਰ ਨੇ ਇਲੈਕਟ੍ਰਿਕਲ ਸੁਰੱਖਿਆ ਬਾਰੇ ਅਤੇ ਸ੍ਰੀ ਜੇ. ਕੇ. ਤੋਮਰ ਨੇ ਵੈਲਡਿੰਗ ਸੁਰੱਖਿਆ ਬਾਰੇ ਆਪਣੇ ਵਿਚਾਰ ਪ੍ਰਸਤੁਤ ਕੀਤੇ। ਫੈਕਟਰੀਜ਼ ਡਾਇਰੈਕਟੋਰੇਟ ਦਫ਼ਤਰ ਤੋਂ ਸ੍ਰੀ ਜਸਪ੍ਰੀਤ ਸਿੰਘ ਅਤੇ ਸ੍ਰੀ ਜੋਗ-ਰਾਮ ਵੀ ਇਸ ਮੌਕੇ 'ਤੇ ਮੌਜੂਦ ਰਹੇ। ਪ੍ਰੋਗਰਾਮ ਦੌਰਾਨ ਆਰ ਸੀ ਐਫ ਦੇ ਸੇਫਟੀ ਅਫਸਰ ਸ੍ਰੀ ਅਸ਼ੋਕ ਕੁਮਾਰ ਮੇਘਵਾਲ ਵੱਲੋਂ ਸੁਰੱਖਿਆ ਵਿਸ਼ਿਆਂ 'ਤੇ ਕਵਿਜ਼ ਮੁਕਾਬਲਾ ਵੀ ਕਰਵਾਇਆ ਗਿਆ, ਜਿਸ ਵਿੱਚ ਸਹੀ ਜਵਾਬ ਦੇਣ ਵਾਲੇ ਕਰਮਚਾਰੀਆਂ ਨੂੰ ਇਨਾਮ ਤਕਸੀਮ ਕਿਤੇ ਗਏ। ਪ੍ਰੋਗਰਾਮ ਦੇ ਅੰਤ ਵਿੱਚ ਚੀਫ ਸੇਫਟੀ ਅਫਸਰ ਸ੍ਰੀ ਜਗਮੀਤ ਸਿੰਘ ਨੇ ਧੰਨਵਾਦ ਪ੍ਰਸਤਾਵ ਪੇਸ਼ ਕਰਦੇ ਹੋਏ ਸਭ ਨੂੰ ਸੁਰੱਖਿਅਤ ਕਾਰਜ ਪ੍ਰਣਾਲੀਆਂ ਅਪਣਾਉਣ ਲਈ ਅਪੀਲ ਕੀਤੀ।

## ਪਿੰਡ ਪੰਡੋਰੀ ਦੇ ਇਕ ਘਰ ਤੇ ਅਸਮਾਨੀ ਬਿਜਲੀ ਡਿੱਗਣ ਨਾਲ ਘਰ ਦੇ ਫਰਿਜ, ਪੱਖੇ , ਬਿਜਲੀ ਦਾ ਮੀਟਰ ਅਤੇ ਐਲ.ਸੀ.ਡੀ. ਸੜ੍ਹਕੇ ਸੁਆਹ



**ਹੁਸ਼ਿਆਰਪੁਰ /ਗੜ੍ਹਦੀਵਾਲਾ, 16 ਮਾਰਚ (ਤਰਸੇਮ ਦੀਵਾਨਾ )** -ਗੜ੍ਹਦੀਵਾਲਾ ਤੋਂ ਦਾਰਾਪੁਰ ਟਾਂਡਾ ਰੋਡ ਤੇ ਪੈਂਦੇ ਪਿੰਡ ਪੰਡੋਰੀ ਦੇ ਇਕ ਘਰ ਤੇ ਅਸਮਾਨੀ ਬਿਜਲੀ ਡਿੱਗਣ ਨਾਲ ਜਿੱਥੇ ਲੈਂਟਰ ਤੇ ਬਨੇਰੇ ਦਾ ਨੁਕਸਾਨ ਹੋਇਆ ਉੱਥੇ ਹੀ ਅਸਮਾਨੀ ਬਿਜਲੀ ਦੀ ਚਪੇਟ ਵਿੱਚ ਆਏ ਮਕਾਨ ਵਿਚ ਪਏ ਫਰਿਜ, ਪੱਖੇ , ਬਿਜਲੀ ਦਾ ਮੀਟਰ ਅਤੇ ਐਲ.ਸੀ.ਡੀ. ਸੜ ਗਏ । ਇਸ ਤੋਂ ਇਲਾਵਾ ਆਸ ਪਾਸ ਦੇ ਘਰਾਂ ਦੇ ਇਨਵਰਟਰ, ਪੱਖੇ ਤੇ ਹੋਰ ਬਿਜਲੀ ਉਪਕਾਰਨ ਸੜ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਪੀੜ੍ਹਤ ਵਾਸੀ ਸੁਖਵਿੰਦਰ ਕੌਰ ਨੇ ਦੱਸਿਆ ਦੁਪਹਿਰ ਲੱਗਭਗ 12 ਵਜੇ ਦੇ ਕਰੀਬ ਅਸਮਾਨੀ ਬਿਜਲੀ ਉਨ੍ਹਾਂ ਦੇ ਘਰ ਤੇ ਡਿੱਗਣ ਨਾਲ ਜ਼ੋਰਦਾਰ ਧਮਾਕੇ ਦੀ ਆਵਾਜ਼ ਆਈ ਜਿਸਤੋਂ ਬਾਅਦ ਪਿੰਡ ਵਾਸੀ ਵੀ ਘਰਾਂ ਤੋਂ ਬਾਹਰ ਨਿੱਕਲ ਕੇ ਆ ਗਏ। ਉਨ੍ਹਾਂ ਦੱਸਿਆ ਕਿ ਉਸ ਸਮੇਂ ਕਮਰੇ ਦੇ ਅੰਦਰ ਸੀ ਤੇ ਉਸਦਾ ਪਤੀ ਰਜਿੰਦਰ ਕੁਮਾਰ ਬਾਥਰੂਮ ਵਿੱਚ ਨਹਾ ਰਿਹਾ ਸੀ। ਉਸਨੇ ਦੱਸਿਆ ਕਿ ਧਮਾਕਾ ਇੰਨਾ ਜਬਰਦਸਤ ਸੀ ਕੀਂ ਉਸਦੇ ਘਰ ਦੇ ਕਮਰੇ ਲੈਂਟਰ ਦਾ ਬਨੇਰਾ ਤੱਕ ਉਖਾੜ੍ਹ ਦਿੱਤਾ ਅਤੇ ਚਾਰ ਦੀਵਾਰੀ ਦੀ ਕੰਧ ਵੀ ਨੁਕਸਾਨੀ ਗਈ। ਉਸਨੇ ਦੱਸਿਆ ਕਿ ਮਕਾਨ ਵਿਚ ਪਏ ਫਰਿਜ, ਪੱਖੇ , ਬਿਜਲੀ ਦਾ ਮੀਟਰ ਅਤੇ ਐਲ.ਸੀ.ਡੀ. ਸੜ ਗਏ। ਜਿਸ ਨਾਲ ਉਸਦਾ ਕਾਫ਼ੀ ਨੁਕਸਾਨ ਹੋਇਆ ਹੈ। ਉਸਨੇ ਦੱਸਿਆ ਕਿ ਉਸਦਾ ਪਤੀ ਪ੍ਰਾਈਵੇਟ ਗੱਡੀ ਚਲਾਉਂਦਾ ਹੈ। ਜਿਸ ਨਾਲ ਘਰ ਦਾ ਪਹਿਲਾਂ ਹੀ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਚਲਦਾ ਹੈ ।ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਉਸਦੇ ਨੁਕਸਾਨ ਦੀ ਭਰਪਾਈ ਕੀਤੀ ਜਾਵੇ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਘਰ ਦੇ ਨਾਲ ਨਾਲ ਆਸ ਪਾਸ ਦੇ ਘਰਾਂ ਦੇ ਬਿਜਲੀ ਉਪਕਰਨ ਸੜ ਕੇ ਖਰਾਬ ਹੋ ਗਏ ਹਨ। ਇਸ ਕੁਦਰਤੀ ਆਫ਼ਤ ਨਾਲ ਬਹੁਤ ਮਾਲੀ ਨੁਕਸਾਨ ਹੋਇਆ ਹੈ ਰਾਹਤ ਦੀ ਗੱਲ ਹੈ ਕਿ ਕੋਈ ਜਾਨੀ ਨੁਕ-ਸਾਨ ਨਹੀਂ ਹੋਇਆ।

## ਪਿੰਡ ਫੁਗਲਾਣਾ ਵਿਖੇ ਮੋਬਾਇਲ ਦੀ ਦੁਕਾਨ ਤੇ ਹਮਲਾ ਅਤੇ ਭੰਨ-ਤੋੜ ਕਰਨ ਵਾਲੇ 03 ਹੋਰ ਨਾਮਜਦ ਕਥਿਤ ਦੋਸ਼ੀਆਂ ਨੂੰ ਕੀਤਾ ਗ੍ਰਿਫਤਾਰ



**ਹੁਸ਼ਿਆਰਪੁਰ / ਮੇਹਟੀਆਣਾ 16 ਮਾਰਚ ( ਤਰਸੇਮ ਦੀਵਾਨਾ )** - ਸੰਦੀਪ ਮਲਿਕ ਆਈ.ਪੀ.ਐਸ.ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਵੱਲੋ ਦਿੱਤੇ ਦਿਸ਼ਾ ਨਿਰਦੇਸਾ ਅਤੇ ਸ਼੍ਰੀਮਤੀ ਮਨਪ੍ਰੀਤ ਕੌਰ ਸ਼ੀਹਮਾਰ ਪੀ.ਪੀ.ਐਸ, ਪੁਲਿਸ ਕਪਤਾਨ ਤਫਤੀਸ਼ ਦੀ ਰਹਿਨੁਮਾਈ ਹੇਠ ਭੈੜੇ ਪੁਰਸ਼ਾ ਨੂੰ ਗ੍ਰਿਫਤਾਰ ਕਰਨ ਲਈ ਖਾਸ ਮੁਹਿੰਮ ਸ਼ੁਰੂ ਕੀਤੀ ਗਈ ਹੈ । ਇਸ ਮੁਹਿੰਮ ਤਹਿਤ ਪਲਵਿੰਦਰ ਸਿੰਘ ਉਪ ਪੁਲਿਸ ਕਪਤਾਨ ਚੱਬੇਵਾਲ ਦੇ ਦਿਸ਼ਾ ਨਿਰਦੇਸ਼ਾ ਤੇ ਇੰਸਪੈਕਟਰ ਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਮੇਹਟੀਆਣਾ ਵੱਲੋਂ ਉਚ ਅਫਸਰਾਂ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਬੀਤੀ 9 ਮਾਰਚ ਨੂੰ ਪਿੰਡ ਫੁਗਲਾਣਾ ਵਿਖੇ ਮਨਮੋਹ ਦਾਸ ਪੁੱਤਰ ਰੇਸਮ ਲਾਲ ਵਾਸੀ ਪਿੰਡ ਫੁਗਲਾਣਾ ਥਾਣਾ ਦੀ ਦੁਕਾਨ ਤੇ ਵਾਰਦਾਤ ਨੂੰ ਅੰਜਾਮ ਦੇਣ ਵਾਲਿਆ ਤੇ ਮਾਮਲਾ ਦਰਜ਼ ਕੀਤਾ ਸੀ ਦੇ ਸਬੰਧ ਵਿੱਚ ਕਥਿਤ ਦੋਸ਼ੀਆਨ ਸੰਦੀਪ ਕੁਮਾਰ ਉਰਫ ਸੰਨੀ ਪੁੱਤਰ ਬਲਵਿੰਦਰ ਲਾਲ ਵਾਸੀ ਪਿੰਡ ਰਾਮ ਰਾਏ ਪੁਰ ਥਾਣਾ ਸਦਰ ਐਸ.ਬੀ.ਐਸ ਨਗਰ, ਅਮਨਦੀਪ ਸਿੰਘ ਪੁੱਤਰ ਸ਼ੇਰ ਸਿੰਘ ਵਾਸੀ ਮੁੱਹਲਾ ਸੰਤ ਨਗਰ ਮੁੱਸਾਪੁਰ ਰੋਡ ਥਾਣਾ ਸਿਟੀ ਐਸ.ਬੀ.ਐਸ ਨਗਰ, ਵਿਵੇਕ ਪੁੱਤਰ ਸੋਹਣ ਲਾਲ ਵਾਸੀ ਹੁਸੈਨਪੁਰ ਥਾਣਾ ਸੇਖਾ ਮਜਾਰਾ ਐਸ.ਬੀ.ਐਸ ਨਗਰ ਅਤੇ ਟਹਿਲ ਸਿੰਘ ਪੁੱਤਰ ਸਤਵਿੰਦਰ ਸਿੰਘ ਵਾਸੀ ਸਹਾਅਪੁਰ ਥਾਣਾ ਸਦਰ ਐਸ.ਬੀ.ਐਸ ਨਗਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਥਾਣਾ ਮੇਹਟੀਆਣਾ ਦੀ ਪੁਲਿਸ ਨੇ ਦੱਸਿਆ ਕਿ 14 ਮਾਰਚ ਨੂੰ 2 ਹੋਰ ਕਥਿਤ ਦੋਸ਼ੀਆਨ ਵਿਸ਼ਾਲ ਪੁੱਤਰ ਪ੍ਰੀਤਮ ਸਿੰਘ ਵਾਸੀ ਜਾਂਡਲਾਂ ਥਾਣਾ ਸਦਰ ਬੰਗਾ ਜਿਲਾ ਐਸ ਬੀ ਐਸ ਨਗਰ ਨਵਜੋਤ ਕੁਮਾਰ ਉਰਫ ਨਵੀ ਪੁੱਤਰ ਰਾਮਪਾਲ ਵਾਸੀ ਰਾਮ ਰਾਏਪੁਰ ਥਾਣਾ ਸਦਰ ਬੰਗਾ ਜਿਲਾ ਐਸ ਬੀ ਐਸ ਨਗਰ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ, ਜਿਹਨਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਮਾਨਯੋਗ ਅਦਾਲਤ ਕੋਲੋਂ ਕਥਿਤ ਦੋਸ਼ੀਆਨ ਦਾ ਪੁਲਿਸ ਰਿਮਾਂਡ ਹਾਸਿਲ ਕਰਕੇ ਉਹਨਾਂ ਕੋਲੋਂ ਵਾਰਦਾਤ ਸਮੇ ਵਰਤੇ ਹਥਿਆਰਾ ਦੀ ਬਰਾਮਦਗੀ ਕਰਵਾਈ ਜਾਵੇਗੀ। **ਫੋਟੋ ਅਜਮੇਰ ਦੀਵਾਨਾ**

# ਮਲਕੀਤ ਸਿੰਘ ਮਹੇੜੂ ਨੇ ਹਮੇਸ਼ਾ ਸਪੈਸ਼ਲ ਬੱਚਿਆਂ ਦੀ ਭਲਾਈ ਲਈ ਕੰਮ ਕੀਤਾ ਹੈ: ਹਰਬੰਸ ਸਿੰਘ

## ਦਾਨੀ ਸੱਜਣਾਂ ਵੱਲੋਂ ਸਪੈਸ਼ਲ ਬੱਚਿਆਂ ਦੀ ਭਲਾਈ ਲਈ ਰਾਸ਼ੀ ਦਾਨ ਕੀਤੀ ਗਈ



**ਹੁਸ਼ਿਆਰਪੁਰ 16 ਮਾਰਚ (ਤਰਸੇਮ ਦੀਵਾਨਾ)** - ਜੇ.ਐਸ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਂਖੇਲਾ ਦੇ ਸਪੈਸ਼ਲ ਬੱਚਿਆਂ ਨਾਲ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਸਾਬਕਾ ਪ੍ਰਧਾਨ ਮਲਕੀਤ ਸਿੰਘ ਮਹੇੜੂ ਨੇ ਆਪਣਾ ਜਨਮ ਦਿਨ ਮਨਾਇਆ। ਆਪਣੇ ਜਨਮ ਦਿਨ 'ਤੇ ਉਨ੍ਹਾਂ ਨੇ ਸਪੈਸ਼ਲ ਬੱਚਿਆਂ ਅਤੇ ਸਕੂਲ ਸਟਾਫ ਲਈ ਲੰਗਰ ਲਗਾਇਆ ਅਤੇ ਸਪੈਸ਼ਲ ਬੱਚਿਆਂ ਦੀ ਭਲਾਈ ਲਈ ਆਸ਼ਾਦੀਪ ਵੈਲਫੇਅਰ ਸੁਸਾਇਟੀ ਨੂੰ 21 ਹਜ਼ਾਰ ਰੁਪਏ ਦੀ ਰਾਸ਼ੀ ਵੀ ਦਾਨ ਕੀਤੀ। ਇਸ ਮੌਕੇ ਰਿਪਜੀਤ ਕੌਰ ਬੇਟੀ, ਬਲਜੀਤ ਸਿੰਘ ਮਹੇੜੂ ਬੇਟਾ, ਚਰਨਪ੍ਰੀਤ ਕੌਰ ਭਤੀਜੀ, ਹਰਦੀਪ ਸਿੰਘ ਭਤੀਜਾ ਵੀ ਮੌਜੂਦ ਰਹੇ। ਇਸ ਸਮੇਂ ਹਰਦੀਪ ਸਿੰਘ ਵੱਲੋਂ 11 ਹਜ਼ਾਰ, ਅਨੀਤਾ ਤਲਵਾੜ ਵੱਲੋਂ 21 ਹਜ਼ਾਰ, ਹਰਮੇਲ ਠਾਕੁਰ ਵੱਲੋਂ 21 ਹਜ਼ਾਰ, ਸਾਹਿਲ ਕਪਾਟੀਆ ਵੱਲੋਂ 21 ਹਜ਼ਾਰ, ਪ੍ਰਦੀਪ ਸ਼ਰਮਾ ਵੱਲੋਂ 2100 ਰੁਪਏ, ਜਰਨੈਲ ਸਿੰਘ ਵੱਲੋਂ 5 ਹਜ਼ਾਰ ਦੀ ਰਾਸ਼ੀ ਦਾਨ ਕੀਤੀ ਗਈ। ਇਸ ਮੌਕੇ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਹਰਬੰਸ ਸਿੰਘ ਦੀ ਅਗਵਾਈ ਹੇਠ ਕਮੇਟੀ ਮੈਂਬਰਾਂ, ਸਟਾਫ ਅਤੇ ਸਪੈਸ਼ਲ ਬੱਚਿਆਂ ਵੱਲੋਂ ਮਲਕੀਤ ਸਿੰਘ ਮਹੇੜੂ ਸਮੇਤ ਦੂਜੇ ਲੋਕਾਂ ਦਾ ਸਕੂਲ ਪਹੁੰਚਣ 'ਤੇ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਜਨਮ ਦਿਨ ਦੀ ਵਧਾਈ ਵੀ ਦਿੱਤੀ ਗਈ। ਪ੍ਰਧਾਨ ਹਰਬੰਸ ਸਿੰਘ ਨੇ ਕਿਹਾ ਕਿ ਮਲਕੀਤ ਸਿੰਘ ਮਹੇੜੂ ਵੱਲੋਂ ਹਮੇਸ਼ਾ ਸਪੈਸ਼ਲ ਬੱਚਿਆਂ ਦੀ ਭਲਾਈ ਲਈ ਕੰਮ ਕੀਤੇ ਗਏ ਜੋ ਕਿ ਹੁਣ ਤੱਕ ਜਾਰੀ ਹਨ ਅਤੇ ਇਨ੍ਹਾਂ ਦੇ ਪਰਿਵਾਰ ਦੇ ਮੈਂਬਰ ਵੀ ਹਮੇਸ਼ਾ ਸਪੈਸ਼ਲ ਬੱਚਿਆਂ ਲਈ ਕੰਮ ਕਰਦੇ ਰਹਿੰਦੇ ਹਨ। ਇਸ ਮੌਕੇ ਕਰਨਲ ਗੁਰਮੀਤ ਸਿੰਘ, ਪਰਮਜੀਤ ਸਿੰਘ ਸਚਦੇਵਾ, ਹਰੀਸ਼ ਠਾਕੁਰ, ਮਸਤਾਨ ਸਿੰਘ ਗਰੇਵਾਲ, ਰਾਮ ਆਸਰਾ, ਹਰਮੇਸ਼ ਤਲਵਾੜ, ਸੰਜੀਵ ਗੁਪਤਾ, ਵਿਨੋਦ ਭੂਸ਼ਣ ਅਗਰਵਾਲ, ਬਲਰਾਮ, ਲੋਕੇਸ਼ ਖੰਨਾ, ਬਰਿੰਦਰ ਕੁਮਾਰ ਕੋਰਸ ਕੋਆਰਡੀਨੇਟਰ, ਸੁਭਾਸ਼ ਮਹਿਤਾ, ਵਿਜੇ ਕੁਮਾਰ ਮਰਵਾਹਾ, ਸੁਦੇਸ਼ ਆਨੰਦ, ਪ੍ਰਿੰਸੀਪਲ ਸ਼ੈਲੀ ਸ਼ਰਮਾ, ਰਾਜ ਕੁਮਾਰ ਠਾਕੁਰ, ਜਰਨੈਲ ਸਿੰਘ, ਰਮੇਸ਼ ਸੈਣੀ, ਸੁਰਿੰਦਰ ਕੌਰ ਸੌਂਦ, ਸੰਜੇ ਅਤੇ ਵਾਈਸ ਪ੍ਰਿੰਸੀਪਲ ਇੰਦੂ ਬਾਲਾ ਵੀ ਮੌਜੂਦ ਰਹੇ।
**ਫੋਟੋ ਅਜਮੇਰ ਦੀਵਾਨਾ**

## ਸ਼੍ਰੋਮਣੀ ਅਕਾਲੀ ਦਲ (ਬ) ਐਸ.ਸੀ. ਵਿੰਗ ਦੇ ਰਾਸ਼ਟਰੀ ਸੀਨੀਅਰ ਮੀਤ ਪ੍ਰਧਾਨ ਬਣੇ ਸਾਬਕਾ ਕੈਬਨਿਟ ਮੰਤਰੀ ਠੰਡਲ,ਪੂਰੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ

### ਪਾਰਟੀ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਸਮਰਪਿਤ ਭਾਵਨਾ ਨਾਲ ਕੰਮ ਕਰਾਂਗਾ : ਠੰਡਲ



**ਹੁਸ਼ਿਆਰਪੁਰ 16 ਮਾਰਚ (ਤਰਸੇਮ ਦੀਵਾਨਾ)** - ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪੰਜਾਬ ਦੇ ਐਸ.ਸੀ. ਵਿੰਗ ਦੇ ਪ੍ਰਧਾਨ ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਨਾਲ ਵਿਚਾਰ-ਵਟਾਂਦਰਾ ਕਰਨ ਉਪਰੰਤ, ਸਾਬਕਾ ਕੈਬਨਿਟ ਮੰਤਰੀ ਅਤੇ ਪਾਰਟੀ ਦੇ ਜਨਰਲ ਸਕੱਤਰ ਸੋਹਣ ਸਿੰਘ ਠੰਡਲ ਨੂੰ ਐਸ.ਸੀ. ਵਿੰਗ ਦਾ ਰਾਸ਼ਟਰੀ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਨਿਯੁਕਤੀ 'ਤੇ ਸੋਹਣ ਸਿੰਘ ਠੰਡਲ ਵੱਲੋਂ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਮਿਹਨਤ ਨਾਲ ਨਿਭਾਉਂਦੇ ਹੋਏ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਲਈ ਪਾਰਟੀ ਨੁਮਾਇੰਦਿਆਂ ਅਤੇ ਅਹੁਦੇਦਾਰਾਂ ਨੂੰ ਨਾਲ ਲੈ ਕੇ ਕੰਮ ਕਰਨਗੇ ਅਤੇ 2027 ਦੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਲਈ ਯਤਨਸ਼ੀਲ ਰਹਿਣਗੇ। ਇਸ ਮੌਕੇ ਮਾ. ਰਸ਼ਪਾਲ ਸਿੰਘ ਜਲਵੇੜਾ, ਜਰਨੈਲ ਸਿੰਘ ਖਾਲਸਾ ਬੱਡੋ, ਤਰਲੋਚਨ ਸਿੰਘ ਟੋਡਰਪੁਰ, ਜਸਵੀਰ ਸਿੰਘ ਭੱਟੀ, ਜਰਨੈਲ ਸਿੰਘ ਖਾਲਸਾ ਨਡਾਲੋਂ, ਡਾਕਟਰ ਜਸਵੀਰ ਸਿੰਘ ਅਜਨੋਹਾ, ਕੁਲਦੀਪ ਸਿੰਘ ਅਜਨੋਹਾ, ਗੁਰਪ੍ਰੀਤ ਸਿੰਘ ਡਾਂਡੀਆਂ, ਦੀਪਾ ਬੱਡੋ, ਰਾਜ ਕੁਮਾਰ ਭੂੰਗਰਨੀ, ਰਵੀ ਮਹਿਟੀਆਣਾ ਰਿੱਕੀ ਸਿੰਬਲੀ, ਸੋਢੀ ਸੈਣੀ ਫੁਗਲਾਣਾ ਅਤੇ ਹੋਰ ਪਾਰਟੀ ਨੁਮਾਇੰਦਿਆਂ ਵੱਲੋਂ ਸੋਹਨ ਸਿੰਘ ਠੱਡਲ ਦੀ ਇਸ ਨਿਯੁਕਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਨੂੰ ਵਧਾਈ ਦਿੱਤੀ।

# ਹਿਜ਼ ਐਕਸੀਲੈਂਟ ਇੰਸਟੀਚਿਊਟ ਵਿੱਚ 50 ਵਿਦਿਆਰਥੀਆਂ ਲਈ ਏ.ਆਈ ਤੇ ਸੈਸ਼ਨ ਕਰਵਾਇਆ

**ਹੁਸ਼ਿਆਰਪੁਰ 16 ਮਾਰਚ ( ਤਰਸੇਮ ਦੀਵਾਨਾ )** - ਜੂਨ 2025 ਵਿੱਚ ਦੁਬਈ ਦੇ ਜੇਮਜ਼ ਮਾਡਰਨ ਅਕੈਡਮੀ ਦੇ 11ਵੀਂ ਕਲਾਸ ਦੇ ਵਿਦਿਆਰਥੀ ਤਨੁਸ਼ ਨਯਨ ਸ਼ੇਨਾਈ ਦੁਆਰਾ ਸਥਾਪਿਤ, ਇਗਨਾਈਟ ਸਟੀਮ ਕਲੱਬ ਇੱਕ ਗਤੀਸ਼ੀਲ, ਯੂਥ-ਲੈੱਡ ਗਲੋਬਲ ਪਹਿਲ ਹੈ, ਜਿਸਦਾ ਉਦੇਸ਼ ਪਿਛੜੀਆਂ ਕਮਿਊਨਿਟੀਆਂ ਲਈ ਸਟੈੱਮ ਸਿੱਖਿਆ ਅਤੇ ਉੱਦਮਤਾ ਦੇ ਮੌਕਿਆਂ ਦਾ ਵਿਸਤਾਰ ਕਰਨਾ ਹੈ। ਇੱਕ ਸੋਸ਼ਲ ਫੈਲੋਸ਼ਿਪ ਦੌਰਾਨ ਪ੍ਰਾਪਤ ਅਨੁਭਵ ਤੋਂ ਪ੍ਰੇਰਿਤ ਹੋ ਕੇ, ਤਨੁਸ਼ ਨੇ ਹੱਥ-ਅਨੁਭਵ ਵਾਲੀ ਸਟੈੱਮ ਸਿੱਖਿਆ ਅਤੇ ਵਿੱਤੀ ਸਾਕਰਤਾ ਦੀ ਘਾਟ ਨੂੰ ਆਪਣੇ ਆਪ ਦੇਖਿਆ।

ਇਸ ਮੌਕੇ ਦੀ ਖਾਈ ਨੂੰ ਪੂਰਾ ਕਰਨ ਦੇ ਇਰਾਦੇ ਨਾਲ, ਉਸਨੇ ਇਗਨਾਈਟ ਸਟੀਮ ਕਲੱਬ ਦੀ ਸ਼ੁਰੂਆਤ ਕੀਤੀ, ਤਾਂ ਜੋ ਪ੍ਰਯੋਗਾਤਮਕ ਸਿੱਖਣ ਦੇ ਸਾਧਨ ਅਤੇ ਟਿਕਾਊ ਸਸ਼ਕਤੀਕਰਨ ਮਾਡਲ ਮੁਹੱਈਆ ਕਰ ਸਕੇ।

ਸੰਸਥਾ ਦੋ ਮੁੱਖ ਪ੍ਰੋਜੈਕਟਾਂ ਰਾਹੀਂ ਕੰਮ ਕਰਦੀ ਹੈ। ਪ੍ਰੋਜੈਕਟ ਸਪਾਰਕ, ਐੱਨ.ਜੀ.ਓਜ਼ ਦੇ ਸਹਿਯੋਗ ਨਾਲ ਪਿਛੜੇ ਵਿਦਿਆਰਥੀਆਂ ਨੂੰ ਮਾਡਿਊਲਰ ਅਤੇ ਤਰੱਕੀਸ਼ੀਲ ਸਟੈੱਮ ਕਿੱਟਾਂ ਪ੍ਰਦਾਨ ਕਰਦਾ ਹੈ। ਇਹ ਪ੍ਰੋਗਰਾਮ ਬੁਨਿਆਦੀ ਤੋਂ ਉੱਚ ਪੱਧਰ ਤੱਕ ਪ੍ਰੋਜੈਕਟਾਂ ਦੀ ਮਦਦ ਕਰਦਾ ਹੈ ਅਤੇ ਜ਼ਮੀਨੀ ਪੱਧਰ ਦੇ ਨਵੀਨਤਮ ਵਿਚਾਰਾਂ ਨੂੰ ਫੰਡਿੰਗ ਲਈ ਇਨਕਿਊਬੇਟਰ ਸਹਾਇਤਾ ਵੀ ਦਿੰਦਾ ਹੈ।

ਪ੍ਰੋਜੈਕਟ ਸੌਵਰੇਨ, ਪਿਛੜੀਆਂ ਮਹਿਲਾਵਾਂ ਅਤੇ ਵਯਸਕਾਂ ਨੂੰ ਵਿੱਤੀ ਸਾਖਰਤਾ, ਸੌਫਟ ਸਕਿਲ ਟ੍ਰੇਨਿੰਗ, ਉੱਦਮਤਾ ਸਿੱਖਿਆ ਅਤੇ ਇੱਕ ਘੁੰਮਣ ਵਾਲੇ ਮਾਈਕਰੋ-ਐਂਟਰਪ੍ਰਾਈਜ਼ ਮਾਡਲ ਰਾਹੀਂ ਸਸ਼ਕਤ ਬਣਾਉਂਦਾ ਹੈ, ਜੋ ਆਤਮਨਿਰਭਰਤਾ ਅਤੇ ਟਿਕਾਊ ਜੀਵਿਕਾ ਨੂੰ ਉਤਸ਼ਾਹਿਤ ਕਰਦਾ ਹੈ।

ਇੱਕ ਸਾਲ ਤੋਂ ਘੱਟ ਸਮੇਂ ਵਿੱਚ, ਇਗਨਾਈਟ ਸਟੀਮ ਕਲੱਬ ਨੇ 10+ ਐੱਨ.ਜੀ.ਓਜ਼ ਨਾਲ ਭਾਗੀਦਾਰੀ ਕੀਤੀ ਹੈ, ਤਿੰਨ ਦੇਸ਼ਾਂ ਵਿੱਚ 525 ਤੋਂ ਵੱਧ ਲੋਕਾਂ ਤੱਕ ਪਹੁੰਚ ਕੀਤੀ ਹੈ, ਅਤੇ 50+ ਵਲੰਟੀਅਰਾਂ ਦਾ ਮਜ਼ਬੂਤ ਜਾਲ ਬਣਾਇਆ ਹੈ। ਸੰਸਥਾ ਨੇ ਯੂ.ਏ.ਈ., ਯੂ.ਐੱਸ., ਭਾਰਤ ਅਤੇ ਅਫ਼ਰੀਕਾ ਵਿੱਚ ਸਰਗਰਮ ਚੈਪਟਰ ਸਥਾਪਿਤ ਕੀਤੇ ਹਨ। ਪੰਜਾਬ ਵਿੱਚ, ਸਥਾਨਕ ਚੈਪਟਰ ਦੇ ਮੁਖੀ ਪ੍ਰਥਮ ਗੁਪਤਾ ਨੇ ਹਿਜ਼ ਐਕਸੀਲੈਂਟ ਵਿੱਚ 50 ਵਿਦਿਆਰਥੀਆਂ ਲਈ ਏ.ਆਈ. 'ਤੇ ਸੈਸ਼ਨ ਕਰਵਾਇਆ, ਜੋ ਸੰਸਥਾ ਦੇ ਜ਼ਮੀਨੀ ਪੱਧਰ ਦੇ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ।

ਹਾਲਾਂਕਿ ਇਹ ਅਜੇ ਸ਼ੁਰੂਆਤੀ ਪੜਾਅ 'ਤੇ ਹੈ, ਇਗਨਾਈਟ ਸਟੀਮ ਕਲੱਬ ਦੀ ਸੋਚ ਵਿਸ਼ਾਲ ਅਤੇ ਵਿਸਤਾਰਯੋਗ ਹੈ। ਸਹੀ ਸੰਸਥਾਗਤ ਸਹਿਯੋਗ, ਰਣਨੀਤਿਕ ਭਾਗੀਦਾਰੀਆਂ ਅਤੇ ਲਗਾਤਾਰ ਫੰਡਿੰਗ ਨਾਲ, ਇਹ ਪਹਿਲ ਵਿਸ਼ਵ ਪੱਧਰ 'ਤੇ ਆਪਣੇ ਪ੍ਰਭਾਵ ਨੂੰ ਹੋਰ ਵਧਾਉਣ ਦਾ ਲਕਸ਼ ਰੱਖਦੀ ਹੈ। ਹੋਰ ਜਾਣਕਾਰੀ ਲਈ ਇਗਨਾਈਟਸਟੀਮਕਲੱਬ ਜਾਂ ਇਗਨਾਈਟਸਟੀਮਕਲੱਬ.ਵਿਕਸਸਾਇਟ.ਕੌਮ/ਹੋਮ ਵੇਖੋ।

# ਇਤਿਹਾਸਿਕ ਪਿੰਡ ਬਸੀ ਗੁਲਾਮ ਹੁਸੈਨ ਦੇ ਰਸਤਿਆਂ ਦੀ ਸਮੱਸਿਆ ਨੂੰ ਲੈ ਕੇ ਵਿਜੇ ਸਾਂਪਲਾ ਨੇ ਨਿਤਿਨ ਗਡਕਰੀ ਨਾਲ ਕੀਤੀ ਮੁਲਾਕਾਤ

## ਕੇਂਦਰੀ ਮੰਤਰੀ ਨੇ ਅਧਿਕਾਰੀਆਂ ਨੂੰ ਦਿੱਤੇ ਅੰਡਰਪਾਸ ਬਣਾਉਣ ਦੇ ਨਿਰਦੇਸ਼ ਪਿੰਡ ਵਾਸੀਆਂ ਦੀ ਮੁਸ਼ਕਲ ਦਾ ਹੋਵੇਗਾ ਸਥਾਈ ਹੱਲ



**ਹੁਸ਼ਿਆਰਪੁਰ 16 ਮਾਰਚ ( ਤਰਸੇਮ ਦੀਵਾਨਾ ) –** ਹਾਥੀ ਦੰਦ ਦੀ ਕਾਰਾਗਰੀ ਲਈ ਵਿਸ਼ਵ ਭਰ ਵਿੱਚ ਮਸ਼ਹੂਰ ਅਤੇ ਕਈ ਰਾਸ਼ਟਰਪਤੀ ਤੇ ਰਾਜਪਾਲ ਐਵਾਰਡ ਜੇਤੂ ਪਰਿਵਾਰਾਂ ਦੇ ਨਿਵਾਸ ਅਸਥਾਨ, ਇਤਿਹਾਸਿਕ ਪਿੰਡ ਬਸੀ ਗੁਲਾਮ ਹੁਸੈਨ ਦੇ ਰਸਤਿਆਂ ਦੀ ਗੰਭੀਰ ਸਮੱਸਿਆ ਨੂੰ ਲੈ ਕੇ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਅੱਜ ਕੇਂਦਰੀ ਸੜਕ ਅਤੇ ਪਰਿਵਹਨ ਮੰਤਰੀ ਨਿਤਿਨ ਗਡਕਰੀ ਨਾਲ ਵਿਸ਼ੇਸ਼ ਮੁਲਾਕਾਤ ਕੀਤੀ।

ਮੁਲਾਕਾਤ ਦੌਰਾਨ ਸਾਂਪਲਾ ਨੇ ਦੱਸਿਆ ਕਿ ਹੁਸ਼ਿਆਰਪੁਰ ਤੋਂ ਮਹਿਜ਼ 3 ਕਿਲੋਮੀਟਰ ਦੂਰ ਸਥਿਤ ਇਸ ਪਿੰਡ ਦਾ ਮੁੱਖ ਰਸਤਾ ਨਵਾਂ ਨੈਸ਼ਨਲ ਹਾਈਵੇਅ ਬਣਨ ਕਾਰਨ ਬੰਦ ਹੋ ਗਿਆ ਹੈ। ਇਸ ਕਾਰਨ ਪਿੰਡ ਦੇ ਲੋਕਾਂ ਦਾ ਸ਼ਹਿਰ ਨਾਲੋਂ ਸਿੱਧਾ ਸੰਪਰਕ ਟੁੱਟ ਗਿਆ ਹੈ ਅਤੇ ਸਕੂਲੀ ਬੱਚਿਆਂ ਅਤੇ ਅਧਿਆਪਕਾਂ ਨੂੰ ਆਉਣ-ਜਾਣ ਵਿੱਚ ਭਾਰੀ ਦਿੱਕਤ ਆ ਰਹੀ ਹੈ। ਉਹਨਾਂ ਕਿਹਾ ਕਿ ਬਦਲਵੇਂ ਰਸਤੇ ਲੰਬੇ ਅਤੇ ਸੁੰਨਸਾਨ ਹੋਣ ਕਾਰਨ ਅਸੁਰੱਖਿਅਤ ਹਨ। ਵਿਜੇ ਸਾਂਪਲਾ ਦੇ ਨਿਵੇਦਨ 'ਤੇ ਤੁਰੰਤ ਕਾਰਵਾਈ ਕਰਦਿਆਂ ਨਿਤਿਨ ਗਡਕਰੀ ਨੇ ਸਬੰਧਿਤ ਅਧਿਕਾਰੀਆਂ ਨੂੰ ਇਸ ਸਥਾਨ 'ਤੇ ਅੰਡਰਪਾਸ ਬਣਾਉਣ ਦੇ ਆਦੇਸ਼ ਦਿੱਤੇ। ਉਨ੍ਹਾਂ ਭਰੋਸਾ ਦਿੱਤਾ ਕਿ ਹਾਈਵੇਅ ਕਾਰਨ ਲੋਕਾਂ ਨੂੰ ਆ ਰਹੀ ਇਸ ਮੁਸ਼ਕਲ ਦਾ ਸਥਾਈ ਹੱਲ ਕੱਢਿਆ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਭਵਿੱਖ ਵਿੱਚ ਅਜਿਹੇ ਪ੍ਰੋਜੈਕਟਾਂ ਦੌਰਾਨ ਇਸ ਗੱਲ ਦਾ ਖਾਸ ਖਿਆਲ ਰੱਖਿਆ ਜਾਵੇਗਾ ਕਿ ਆਮ ਲੋਕਾਂ ਨੂੰ ਘੱਟ ਤੋਂ ਘੱਟ ਪ੍ਰੇਸ਼ਾਨੀ ਹੋਵੇ।

**ਫੋਟੋ ਅਜਮੇਰ ਦੀਵਾਨਾ**

# ਬਿਕਰਮਜੀਤ ਸਿੰਘ ਖ਼ਾਲਸਾ ਨੂੰ ਸ਼ੋ੍ਮਣੀ ਅਕਾਲੀ ਦਲ ਐਸ ਸੀ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸਪੋਕਸਮੈਨ ਬਣਾਉਣ ਤੇ ਸਮੁੱਚੀ ਹਾਈ ਕਮਾਡ ਦਾ ਧੰਨਵਾਦ

## ਵਿਧਾਨ ਸਭਾ ਹਲਕਾ ਗਿੱਲ, ਰਾਏਕੋਟ, ਪਾਇਲ, ਦਾਖਾ, ਖੰਨਾ ਤੇ ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਦੇ ਪ੍ਰਭਾਵਸਾਲੀ ਆਗੂ ਹਨ ਬਿਕਰਮਜੀਤ ਸਿੰਘ ਖਾਲਸਾ – ਲੀਲ

**ਲੁਧਿਆਣਾ 16 ਮਾਰਚ (ਕਰਨੈਲ ਸਿੰਘ ਐੱਮ.ਏ.)** ਸ਼ੋ੍ਮਣੀ ਅਕਾਲੀ ਦਲ ਦੇ ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਦੇ ਇੰਚਾਰਜ ਸਾਬਕਾ ਸੰਸਦੀ ਸਕੱਤਰ ਵਿਧਾਨ ਸਭਾ ਹਲਕਾ ਰਾਏਕੋਟ, ਹਲਕਾ ਖੰਨਾ, ਹਲਕਾ ਪਾਇਲ, ਹਲਕਾ ਦਾਖਾ ਅਤੇ ਹਲਕਾ ਗਿੱਲ ਦੇ ਪ੍ਰਭਾਵਸਾਲੀ ਆਗੂ ਸ੍ਰ: ਬਿਕਰਮਜੀਤ ਸਿੰਘ ਖਾਲਸਾ ਜੀ ਨੂੰ ਸ਼ੋ੍ਮਣੀ ਅਕਾਲੀ ਦਲ ਐਸ ਸੀ ਵਿੰਗ ਦੇ ਕੋਮੀ ਸੀਨੀਅਰ ਮੀਤ ਪ੍ਰਧਾਨ ਅਤੇ ਸਪੋਕਸਮੈਨ ਬਣਾਉਣ ਤੇ ਸ਼ੋ੍ਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸ੍ਰ: ਸੁਖਬੀਰ ਸਿੰਘ ਬਾਦਲ , ਸ਼ੋ੍ਮਣੀ ਅਕਾਲੀ ਦਲ ਐਸ ਸੀ ਵਿੰਗ ਦੇ ਪ੍ਰਧਾਨ ਤੇ ਸਾਬਕਾ ਮੰਤਰੀ ਪੰਜਾਬ ਸ੍ਰ: ਗੁਲਜਾਰ ਸਿੰਘ ਰਣੀਕੇ ਅਤੇ ਨੌਜਵਾਨ ਦਿਲਾਂ ਦੀ ਧੜਕਣ ਅਤੇ ਸਾਬਕਾ ਮੰਤਰੀ ਸ੍ਰ: ਬਿਕਰਮ ਸਿੰਘ ਮਜੀਠੀਆ ਦਾ ਅਤੇ ਸਮੂਹ ਸ਼ੋ੍ਮਣੀ ਅਕਾਲੀ ਦਲ ਦੀ ਹਾਈ ਕਮਾਡ ਦਾ ਧੰਨਵਾਦ ਕਰਦਿਆਂ ਅਕਾਲੀ ਆਗੂ ਗੁਰਦੀਪ ਸਿੰਘ ਲੀਲ ਨੇ ਕਿਹਾ ਬਿਕਰਮਜੀਤ ਸਿੰਘ ਖਾਲਸਾ ਜੀ ਪਾਰਟੀ ਦੇ ਹੋਣ-ਹਾਰ ਆਗੂ ਤੇ ਸ਼ੋ੍ਮਣੀ ਅਕਾਲੀ ਦਲ ਦੀ ਅਗਾਂਹ ਵਧੂ ਸੋਚ ਦੇ ਮਾਲਕ ਹਨ ਤਕਰੀਬਨ 1970 ਤੋਂ ਸ਼ੋ੍ਮਣੀ ਅਕਾਲੀ ਦਲ 'ਚ ਪ੍ਰਭਾਵਸਾਲੀ ਖਾਲਸਾ ਪਰਿਵਾਰ ਹੈ ਜੋ ਸ਼ੋ੍ਮਣੀ ਅਕਾਲੀ ਦਲ ਨੂੰ ਚੜ੍ਹਦੀ ਕਲਾ ਲਈ ਸ਼ੋ੍ਮਣੀ ਅਕਾਲੀ ਦਲ ਦੀਆਂ ਸਫ਼ਾਂ 'ਚ ਸ਼ੋ੍ਮਣੀ ਅਕਾਲੀ ਦਲ ਦੇ ਇਤਿਹਾਸ 'ਚ ਖਾਲਸਾ ਪਰਿਵਾਰ ਦਾ ਅਹਿਮ ਯੋਗਦਾਨ ਰਿਹਾ ਹੈ ਜਿੰਨਾ ਨੇ ਹਮੇਸ਼ਾਂ ਸ਼ੋ੍ਮਣੀ ਅਕਾਲੀ ਦਲ ਦੀ ਚੜ੍ਹਦੀ ਕਲਾ ਲਈ ਕੰਮ ਕੀਤੇ ਤੇ ਸ਼ੋ੍ਮਣੀ ਅਕਾਲੀ ਦਲ ਦੀਆਂ ਸੇਵਾਵਾਂ ਨੂੰ ਹਮੇਸ਼ਾ ਸਮਰਪਿਤ ਹਨ । ਇਸ ਸਮੇ ਨਵ ਨਿਯੁਕਤ ਸੀਨੀਅਰ ਮੀਤ ਪ੍ਰਧਾਨ ਸ੍ਰ: ਬਿਕਰਮਜੀਤ ਸਿੰਘ ਖਾਲਸਾ ਜੀ ਨੇ ਕਿਹਾ ਜੋ ਪਾਰਟੀ ਹਾਈ ਕਮਾਡ ਵੱਲੋਂ ਡਿਉਟੀ ਲਾਈ ਹੈ, ਜੋ ਵੀ ਸ਼ੋ੍ਮਣੀ ਅਕਾਲੀ ਦਲ ਵੱਲੋਂ ਸੇਵਾ ਲਾਈ ਹੈ, ਉਸ ਨੂੰ ਤਨਦੇਹੀ ਨਾਲ ਨਿਭਾਵਾਂਗਾ ਤੇ ਹਮੇਸ਼ਾਂ ਸ਼ੋ੍ਮਣੀ ਅਕਾਲੀ ਦਲ ਦੀ ਚੜ੍ਹਦੀ ਕਲਾ ਲਈ ਕੰਮ ਕੀਤਾ ਤੇ ਕਰਦਾ ਰਹਾਂਗਾ । ਜਿੱਥੇ ਵੀ ਪਾਰਟੀ ਹਾਈ ਕਮਾਂਡ ਨੇ ਡਿਊਟੀ ਲਾਈ ਜਿਸ ਵੀ ਹਲਕੇ 'ਚ ਸੇਵਾ ਲਾਈ ਉਥੇ ਹਮੇਸ਼ਾਂ ਸ਼ੋ੍ਮਣੀ ਅਕਾਲੀ ਦਲ ਦੀ ਚੜ੍ਹਦੀ ਕਲਾ ਲਈ ਕੰਮ ਕੀਤਾ, ਪਾਰਟੀ ਨੂੰ ਹਮੇਸ਼ਾ ਤਕੜਾ ਕਰਨ ਲਈ ਯਤਨ ਕੀਤਾ । ਹਰ ਹਲਕੇ ਦੇ ਪਰਿਵਾਰਾਂ ਨੂੰ ਸ਼ੋ੍ਮਣੀ ਅਕਾਲੀ ਦਲ ਨਾਲ ਜੋੜਿਆ । ਖਾਲਸਾ ਜੀ ਨੇ ਕਿਹਾ ਅੱਜ ਪੰਜਾਬ ਦਾ ਹਰ ਵਾਸੀ ਪੰਜਾਬ 'ਚ ਸ਼ੋ੍ਮਣੀ ਅਕਾਲੀ ਦਲ ਦੀ ਸਰਕਾਰ ਚਾਹੁੰਦਾ ਹੈ। ਆ ਰਹੀਆਂ 2027 'ਚ ਵਿਧਾਨ ਸਭਾ ਚੋਣਾਂ ਪੰਜਾਬ 'ਚ ਸ਼ੋ੍ਮਣੀ ਅਕਾਲੀ ਦਲ ਦੀ ਸਰਕਾਰ ਹੋਵੇਗੀ । ਪੰਜਾਬ ਦੇ ਮੁੱਖ ਮੰਤਰੀ ਸ੍ਰ: ਸੁਖਬੀਰ ਸਿੰਘ ਬਾਦਲ ਹੋਣਗੇ । ਅੱਜ ਸ਼ੋ੍ਮਣੀ ਅਕਾਲੀ ਦਲ ਹਾਈ ਕਮਾਡ ਦਾ ਧੰਨਵਾਦ ਕਰਦਿਆਂ ਖਾਲਸਾ ਜੀ ਨੂੰ ਵਧਾਈ ਦੇਣ ਅੱਜ ਉਨ੍ਹਾਂ ਦੇ ਗ੍ਰਹਿ ਵਿਖੇ ਵਿਸ਼ੇਸ਼ ਤੌਰ ਤੇ ਗੁਰਦੀਪ ਸਿੰਘ ਲੀਲ , ਜਥੇਦਾਰ ਨਛੱਤਰ ਸਿੰਘ ਸਿੱਧੂ , ਸੰਦੀਪ ਸਿੰਘ ਖੋਸਾ, ਕਮਲਜੀਤ ਸਿੰਘ ਮਠਾੜੂ , ਸਨਮੀਤ ਸਿੰਘ, ਜਸਪ੍ਰੀਤ ਸਿੰਘ, ਰਵਿੰਦਰ ਸਿੰਘ ਬੇਦੀ, ਕੁਲਦੀਪ ਸਿੰਘ ਖਾਲਸਾ, ਭੁਪਿੰਦਰ ਸਿੰਘ ਕਾਕਾ ਸੇਖੋਂ, ਸੰਦੀਪ ਸਿੰਘ ਸੋਨੀ ਲੀਲ, ਤੇਜਿੰਦਰ ਸਿੰਘ ਅਤੇ ਡਾਕਟਰ ਪ੍ਰਿਤਪਾਲ ਸਿੰਘ ਆਦਿ ਪਹੁੰਚੇ।



# ਜਿਲ੍ਹਾਂ ਕਾਂਨੂਨੀ ਸੇਵਾਵਾਂ ਅਥਾਰਟੀ ਵੱਲੋਂ ਵਿਸ਼ਵ ਖਪਤਕਾਰ ਅਧਿਕਾਰ ਦਿਵਸ ਮੌਕੇ ਜਾਗਰੂਕਤ ਸੈਮੀਨਾਰ ਕਰਵਾਇਆ ਗਿਆ

**ਨਵਾਂਸ਼ਹਿਰ 16 ਮਾਰਚ (ਮਨੋਰੰਜਨ ਕਾਲੀਆ)** ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ. ਏ. ਐਸ. ਨਗਰ ਤੋਂ ਪ੍ਰਾਪਤ ਦਿਸ਼ਾ ਨਿਰਦੇਸ਼ਾ ਅਤੇ ਮਾਣਯੋਗ ਜਿਲ੍ਹਾਂ ਅਤੇ ਸੈਸਨ ਜੱਜ-ਕਮ-ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਪ੍ਰਿਆ ਸੂਦ ਅਤੇ ਮਾਣਯੋਗ ਸੀ.ਜੇ.ਐਮ-ਕਮ-ਸਕੱਤਰ, ਜਿਲ੍ਹਾ, ਕਾਨੂੰਨੀ ਸੇਵਾਵਾਂ ਅਥਾਰਟੀ ਸ਼ਹੀਦ ਭਗਤ ਸਿੰਘ ਡਾ. ਅਮਨਦੀਪ ਜੀਆਂ ਜੀਆਂ ਹਦਾਇਤਾਂ ਤਹਿਤ ਦਫਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋ ਪਿੰਡ ਬਾਗ ਵਿਖੇ ਵਿਸ਼ਵ ਖਪਤਕਾਰ ਅਧਿਕਾਰ ਦਿਵਸ ਮੌਕੇ ਜਾਗਰੂਕਤ ਸੈਮੀਨਾਰ ਕਰਵਾਇਆ ਗਿਆ । ਇਸ ਮੌਕੇ ਦਫਤਰ ਦੇ ਪੈਰਾ ਲੀਗਲ ਵਲੰਟੀਅਰ ਸ੍ਰੀ ਜਸਵਿੰਦਰ ਸਿੰਘ ਅਤੇ ਕੁਲਵੰਤ ਰਾਮ ਧੀਰ ਵੱਲੋ ਦੱਸਿਆ ਕਿ 15 ਮਾਰਚ ਨੂੰ ਦੁਨੀਆ ਭਰ ਵਿੱਚ ਵਿਸ਼ਵ ਖਪਤਕਾਰ ਅਧਿਕਾਰ ਦਿਵਸ ਮਨਾਇਆ ਗਿਆ ਸੀ। ਇਸ ਦਿਨ ਦਾ ਮਕਸਦ ਆਮ ਲੋਕਾਂ ਨੂੰ ਸਮਾਨ ਖਰੀਦਣ ਸਬੰਧੀ ਆਪਣੇ ਹੱਕਾਂ ਅਤੇ ਜ਼ਿੰਮੇਵਾਰੀਆਂ ਬਾਰੇ ਜਾਗਰੂਕ ਕਰਨਾ ਹੈ । ਇਸ ਤੋ ਇਲਾਵਾ ਸੁਰੱਖਿਆ ਦਾ ਹੱਕ, ਜਾਣਕਾਰੀ ਦਾ ਹੱਕ, ਚੋਣ ਦਾ ਹੱਕ, ਸੁਣਵਾਈ ਦਾ ਹੱਕ ਅਤੇ ਨਿਆਂ ਪ੍ਰਾਪਤ ਕਰਨ ਦਾ ਹੱਕ ਪ੍ਰਾਪਤ ਹਨ । ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਕੋਈ ਵੀ ਸਮਾਨ ਖਰੀਦਦੇ ਸਮੇਂ ਬਿੱਲ ਜ਼ਰੂਰ ਲੈਣ । ਇਸ ਤੋ ਇਲਾਵਾ ਆਮ ਲੋਕਾਂ ਨੂੰ ਦਫਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋ ਪ੍ਰਦਾਨ ਮੁਫਤ ਕਾਨੂੰਨੀ ਸੇਵਾਵਾਂ ਬਾਰੇ , ਪੋਸਕੋ ਐਕਟ, ਮੀਡੀਏਸ਼ਨ ਅਤੇ ਕਮਿਊਨਟੀ ਮੀਡੀਏਸ਼ਨ , ਸਨਮਾਨ ਨਾਲ ਵਿਆਹ, ਟੋਲ ਫਰੀ ਨੰਬਰ 15100 ਬਾਰੇ ਜਾਗਰੂਕਤ ਕੀਤਾ ਗਿਆ ।



# ਜਦ ਵਾੜ ਖੇਤ ਨੂੰ ਖਾਵੇ



ਪੈਰ ਪੈਰ 'ਤੇ ਬੇਈਮਾਨੀ
ਪੈਰ ਪਸਾਰੀ ਜਾਂਦੀ ਐ ।
ਸ਼ਰੇਆਮ ਝੂਠ ਦੇ ਸਾਹਵੇਂ
ਸਚਾਈ ਹਾਰੀ ਜਾਂਦੀ ਐ ।
ਚਾਈਂ ਚਾਈਂ ਅਪਣੇ ਹੱਥੀਂ
ਆਪ ਚੁਣੀ ਜੋ ਲੋਕਾਂ ਨੇ ;
ਉਹ ਸਰਕਾਰ ਆਪ ਹੀ ਅਪਣੀ
ਪਰਜਾ ਮਾਰੀ ਜਾਂਦੀ ਐ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ**
**ਸੰਗਰੂਰ : 9914836037**

## " ਬੰਦਾ "


ਇਹ ਕਿੰਜ ਹੋਊ ,ਇਹ ਕਿੰਝ ਹੋਣਾ,ਇੱਦਾਂ ਕਦੇ ਨਾ ਕਹਿੰਦਾ ਬੰਦਾ,
ਮਿਹਨਤਾਂ ਨਾਲ ਪਰਿਵਾਰ ਪਾਲਦਾ ਇੰਝ ਹੀ ਡਿੱਗਦਾ ਢਹਿੰਦਾ ਬੰਦਾ,
ਹੌਸਲਾ ਕਦੇ ਨਾ, ਡਿੱਗਿਆ ਇਸਦਾ,ਰੋਜ਼ ਹੀ ਡਿੱਗਦਾ ਢਹਿੰਦਾ ਬੰਦਾ,
ਲੱਖਾਂ ਦੁੱਖ ਸੁੱਖ ਆਉਂਦੇ, ਇਸ ਤੇ, ਇੰਝ ਹੀ ਹੱਸ-ਹੱਸ ਸਹਿਦਾ ਬੰਦਾ,
ਗਲ਼ ਤੱਕ ਦੁੱਖਾਂ ਦੇ ਨਾਲ ਭਰਿਆ ਫਿਰ ਵੀ, ਸੀ, ਨਹੀਂ ਕਹਿੰਦਾ ਬੰਦਾ,
ਧੀ ਪੁੱਤਰਾਂ ਦਾ ਪਿਆਰ ਹੀ, ਐਸਾ,ਇਸ ਵਿੱਚ ਰੁੱਝਿਆ ਰਹਿੰਦਾ ਬੰਦਾ,
ਮੌਤ ਰਾਣੀ ਹੀ ਇਸ ਨੂੰ, ਜਿੱਤ ਦੀ, ਆਖ਼ਰ ਜਦ ਢੈਹਿ ਪੈਂਦਾ ਬੰਦਾ,
ਸਿਖਰੋ ਪੀਂਘ ਹੈ ਟੁੱਟਦੀ,ਆਖਰ, ਸਭ  ਕੁਝ, ਜਦ, ਢੋਹ ਲੈਂਦਾ ਬੰਦਾ,
ਆਖ਼ਰ ਬੰਦਾ ਮਿੱਟੀ ਹੋ ਜਾਏ, ਬਣ ਯਾਦ, ਮਿੱਠੀ, ਵਸ ਰਹਿੰਦਾ ਬੰਦਾ,
ਮੈਨੂੰ ਕਦੇ ਵੀ, ਹੋਣਾ ਕੁਝ ਨਹੀਂ, ਫ਼ਤੂਰ! ਕਿਹੜੇ ਵਿੱਚ ਰਹਿੰਦਾ ਬੰਦਾ,
ਆਖ਼ਰ ਦੁਨੀਆਂ ਰੰਗਲੀ,ਛੱਡਣੀ, ਕਿਉਂ ਘਰ ਪਾ,; ਇਸ ਤੇ ਰਹਿੰਦਾ ਬੰਦਾ,
ਇਹ ਮਹਿਲ ਮੁਨਾਰੇ ਛੱਡਣੇ ਪੈਂਦੇ, ਕਿਉਂ ਇਹਨਾਂ ਤੇ,ਮਰਦਾ ਰਹਿੰਦਾ ਬੰਦਾ,
ਘਰ ਬਣਾਕੇ ਤੁਰ ਜਾਂਦਾ ਏ,ਸਦਾ ਨਾ, ਇਸ ਵਿੱਚ, ਰਹਿੰਦਾ ਬੰਦਾ,
ਆਖ਼ਰ ਸਭ ਬੇਗਾਨੇ ਹੋ ਜਾਣ, ਜਿੰਨਾਂ ਲਈ ਮਰਦਾ ਰਹਿੰਦਾ ਬੰਦਾ,
ਆਖ਼ਰੀ ਪਲਾਂ 'ਚੁ ਕੋਈ ਨਾ ਪੁੱਛੇ,ਤੁਰ ਜਾਏ,ਡਿੱਗਦਾ- ਢਹਿੰਦਾ ਬੰਦਾ,
ਸੰਦੀਪ ਇਹ ਮੇਲਾ ਚਾਰ ਦਿਨਾਂ ਦਾ, ਕਿੱਥੇ ਰੁਝਿਆ, ਰਹਿੰਦਾ ਬੰਦਾ।



**ਸੰਦੀਪ ਸਿੰਘ 'ਬਖੋਪੀਰ'**
**ਸੰਪਰਕ:-9815321014**

# ਜਦੋਂ ਜ਼ਿੰਦਗੀ ਤੋਂ ਚੰਗੀ ਮੌਤ ਲੱਗੇ

ਜਦੋਂ ਜ਼ਿੰਦਗੀ ਤੋਂ ਚੰਗੀ, ਮੌਤ ਜਾਪਣ ਲੱਗ ਪਵੇ ਬੰਦਿਆ,
ਤਾਂ ਸਮਝੀਂ ਵਕਤ ਦੀਆਂ ਮਾਰਾਂ, ਕਦੇ ਆਮ ਨਹੀਂ ਹੁੰਦੀਆਂ।
ਜਦੋਂ ਪਲ-ਪਲ ਸਲੀਬਾਂ 'ਤੇ, ਰਹੇ ਟੰਗੀ ਇਹ ਜਿੰਦੜੀ,
ਜਿਉਣੇ ਦੀਆਂ ਸਲਾਹਾਂ ਵੀ, ਕਦੇ ਕਾਮਯਾਬ ਨਹੀਂ ਹੁੰਦੀਆਂ।
ਸਮਾਂ ਹਰ ਵਾਰ ਜ਼ਖ਼ਮਾਂ 'ਤੇ, ਕਦੇ ਮੱਲ੍ਹਮ ਨਹੀਂ ਲਾਉਂਦਾ,
ਕਈ ਵਾਰੀ ਇਹ ਤਾਂ ਰਿਸਦੀਆਂ, ਪੀੜਾਂ ਨੂੰ ਜਗਾਉਂਦਾ।
ਜਿਸ ਪਲ ਨੂੰ ਦਿਮਾਗ਼ੋਂ, ਬੰਦਾ ਭੁਲਾਉਣਾ ਲੋਚਦਾ ਏ,
ਉਹੀਓ ਪਲ ਚੇਤਿਆਂ ਦੇ ਵਿਹੜੇ, ਆ ਡੇਰੇ ਹੈ ਲਾਉਂਦਾ।
ਜਦੋਂ ਆਪਣੇ ਪਰਾਏ ਬਣ ਕੇ, ਮੁਖੜਾ ਮੋੜ ਜਾਂਦੇ ਨੇ,
ਤੁਰਦੇ ਨਾਲ ਪਰਛਾਵੇਂ ਵੀ, ਨਾਤਾ ਤੋੜ ਜਾਂਦੇ ਨੇ।
ਹਨ੍ਹੇਰਿਆਂ ਨਾਲ ਪੈ ਜਾਵੇ, ਜਦੋਂ ਐਸੀ ਗੂੜ੍ਹੀ ਸਾਂਝੀ,
ਚਾਨਣ ਦੀ ਕਿਰਨ ਤੋਂ ਵੀ, ਬੰਦੇ ਡਰ ਜਾਂਦੇ ਨੇ।
ਦਿਲ ਲੋਚਦਾ ਹੈ ਚੁੱਪ ਦਾ, ਕੋਈ ਸੱਥਰ ਵਿਛ ਜਾਵੇ,
ਸਾਹ ਲੈਂਦਿਆਂ ਦੀ ਵੀ, ਕੋਈ ਆਵਾਜ਼ ਨਾ ਆਵੇ।
ਟੁੱਟੇ ਤਾਰਿਆਂ ਦੀ ਇਸ ਬੇਗਾਨੀ, ਜਿਹੀ ਭੀੜ ਵਿੱਚੋਂ,
ਕੋਈ ਆਪਣਾ ਜਿਹਾ ਬਣ ਕੇ, ਮੈਨੂੰ ਹਾਕ ਨਾ ਲਾਵੇ।
ਦਿਖਾਵਾ ਲੱਗਦੇ ਨੇ ਹਾਸੇ, ਤੇ ਹੰਝੂ ਪੱਥਰ ਹੋ ਗਏ ਨੇ,
ਦੁਆਵਾਂ ਦੇ ਅਸਰ ਸਾਰੇ, ਅਸਰ-ਵਿਹੂਣੇ ਹੋ ਗਏ ਨੇ।
ਦਿਲਾਸੇ ਝੂਠੇ ਜਾਪਦੇ ਨੇ, ਲੋਕ ਵੀ ਝੂਠੇ ਲੱਗਦੇ ਨੇ,
ਤਾਂਹੀਓਂ ਮਹਿਲਾਂ ਤੋਂ ਚੰਗੇ ਹੁਣ, ਕਬਰਾਂ ਦੇ ਘਰ ਹੋ ਗਏ ਨੇ।
ਤਾਂਹੀਓਂ ਮੌਤ ਵਾਲੀ ਨੀਂਦ ਹੁਣ, ਪਿਆਰੀ ਲੱਗਦੀ ਏ,
ਜਿਵੇਂ ਉਮਰਾਂ ਦੀ ਥਕਾਵਟ, ਆਣ ਸਿਰਾਂ 'ਤੇ ਖੜ੍ਹੀ ਏ।
'ਖਿੱਚੀ' ਬੇਰੰਗ ਜਿਹੇ ਇਸ, ਜ਼ਿੰਦਗੀ ਦੇ ਸਫ਼ਰ 'ਚੋਂ,
ਬਸ ਆਖਰੀ ਮੰਜ਼ਿਲ ਗਲੇ, ਲਾਉਣੀ ਜਰੂਰੀ ਬਣੀ ਏ।



**ਪ੍ਰੋ. ਪਵਨ ਖਿੱਚੀ, ਮਾਨਸਾ**
**ਮੋਬਾ. 9478160786**

# ਬੁੱਢੀ ਘੋੜੀ

ਬੁੱਢੀ ਘੋੜੀ ਲਾਲ ਲਗਾਮ
ਮਾਂ ਸਮਝੇ ਬੇਟੀ ਤੋਂ ਜਵਾਨ।
ਭਰਸ਼ਟਾਚਾਰ ਦੀ ਕਮਾਈ ਖਾ ਕੇ
ਅਫਸਰ ਬਣਿਆ ਗਾਮਾ ਪਹਿਲਵਾਨ।
ਖੱਦਰ ਦੇ ਕੱਪੜੇ ਪਾ ਕੇ ਸਮਝੇ ਨੇਤਾ
ਜਿਵੇਂ ਮਾਰ ਲਿਆ ਹੋਵੇ ਕੋਈ ਮੈਦਾਨ।
ਇਸ ਵਿਚਾਰੇ ਨੂੰ ਪਤਾ ਨਹੀਂ ਇਹ
ਇਹ ਤਾਂ ਹੈ ਕੁਝ ਦਿਨਾਂ ਦੀ ਸ਼ਾਨ।
ਸ਼ਰਾਬ ਪੀ ਕੇ ਨੇਤਾ ਦੇ ਰਿਹਾ ਹੈ
ਸ਼ਰਾਬ ਬੰਦੀ ਦੇ ਉੱਤੇ ਵਿਆਖਿਆਨ।
ਜਦ ਤੱਕ ਨਾ ਲਵੇ ਪੀ ਪੂਰੀ ਬੋਤਲ
ਉਸ ਦੀ ਜਾਨ ਵਿੱਚ ਨਹੀਂ ਆਉਂਦੀ ਜਾਨ।
ਅੱਜ ਕੱਲ ਦੇ ਜੈਂਟਲਮੈਨ ਦੀ ਇਹ ਪਛਾਣ
ਉਲਟਾ ਬੋਲੇ ਅਤੇ ਲੰਬੀ ਹੈ ਜੁਬਾਨ।
ਰਾਤ ਦਿਨ ਤਾਂ ਕਰਦਾ ਹੈ ਹੇਰਾਫੇਰੀ
ਅਤੇ ਐਵੇਂ ਦਿਖਾਵੇ ਜਿਵੇਂ ਹੋਵੇ ਨਾਦਾਨ।
ਮੂੰਹ ਵਿੱਚ ਨਹੀਂ ਇਸ ਤੇ ਦੰਦ ਵਿਚਾਰੇ ਦੇ
ਚੱਲਣ  ਲਈ ਨਹੀਂ ਇਸਦੀਆਂ ਟੰਗਾਂ ਵਿੱਚ  ਜਾਨ।
ਵਿਆਹ ਕਰਾਉਣ ਵਾਸਤੇ ਉੱਠ ਕੇ ਚਲ ਪਿਆ ਹੈ
,ਦੇਖੋ ਇਸ ਬੁੱਢੇ ਮੀਆਂ ਦੀ ਸ਼ਾਨ।
ਮੰਦਰ ਮਸਜਿਦ ਅਤੇ ਗੁਰਦੁਆਰੇ ਵਿੱਚ ਜਾ ਕੇ
ਕਰਦਾ ਨਹੀਂ ਉਸ ਪ੍ਰਭੂ ਦਾ ਕੋਈ ਗੁਣਗਾਨ।
ਪਤਾ ਨਹੀਂ ਕਦੋਂ ਆ ਜਾਵੇ ਉਸ ਦਾ ਬੁਲਾਵਾ
ਉੱਠ ਕੇ ਚੱਲਣਾ ਪਵੇਗਾ ਆਖਿਰ ਸ਼ਮਸ਼ਾਨ।
ਦੁਨੀਆਂ ਦਾ ਇਹ ਦੇਖ ਕੇ ਅਜਬ ਤਮਾਸ਼ਾ
ਮੈਂ ਤਾਂ ਦੋਸਤੋ ਹੋ ਗਿਆ ਬਹੁਤ ਹੀ ਹੈਰਾਨ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ 94 16 359045**
**ਰੋਹਤਕ ਹਰਿਆਣਾ**



# ਹਰਵਿੰਦਰ ਕੌਰ ਸੰਧੂ ਨੇ ਬਲਾਕ ਸੰਮਤੀ ਮੋਰਿੰਡਾ ਦੇ ਚੇਅਰਪਰਸਨ ਵਜੋਂ ਅਹੁਦਾ ਸੰਭਾਲਿਆ

**ਮੋਰਿੰਡਾ 16 ਮਾਰਚ (ਸੁਖਵਿੰਦਰ ਸਿੰਘ ਹੈਪੀ)**–ਬਲਾਕ ਸੰਮਤੀ ਮੋਰਿੰਡਾ ਦੇ ਨਵੇਂ ਬਣੇ ਚੇਅਰਪਰਸਨ ਬੀਬੀ ਹਰਵਿੰਦਰ ਕੌਰ ਸੰਧੂ ਅਤੇ ਵਾਇਸ ਚੇਅਰਮੈਨ ਨਰਿੰਦਰ ਸਿੰਘ ਸੋਨੂੰ ਨਿਹੰਗ ਕੋਟਲਾ ਨੇ ਅੱਜ ਸੈਂਕੜੇ ਪੰਚਾਂ, ਸਰਪੰਚਾਂ ਦੀ ਹਾਜ਼ਰੀ ਵਿੱਚ ਅਪਣੇ ਆਹੁਦਿਆ ਦਾ ਚਾਰਜ ਸੰਭਾਲਿਆ। ਇਸ ਮੌਕੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਲੋਂ ਉਹਨਾਂ ਦੇ ਸਪੁੱਤਰ ਨਵਜੀਤ ਸਿੰਘ ਨਵੀ ਨੇ ਵਿਸ਼ੇਸ਼ ਤੌਰ ਤੇ ਪਹੁੰਚ ਕੇ ਸੰਮਤੀ ਦੇ ਨਵੇਂ ਬਣੇ ਚੇਅਰਪਰਸਨ ਬੀਬੀ ਹਰਵਿੰਦਰ ਕੌਰ ਸੰਧੂ ਅਤੇ ਵਾਇਸ ਚੇਅਰਮੈਨ ਨਰਿੰਦਰ ਸਿੰਘ ਸੋਨੂੰ ਨੂੰ ਵਧਾਈਆਂ ਦਿੱਤੀਆਂ ਅਤੇ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ।

ਇਸ ਮੌਕੇ ਨਵੇਂ ਬਣੇ ਚੇਅਰਪਰਸਨ ਹਰਵਿੰਦਰ ਕੌਰ ਸੰਧੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਉਹਨਾਂ ਦਾ ਮੁੱਖ ਮਕਸਦ ਅਪਣੇ ਇਲਾਕੇ ਦਾ ਸਰਬਪੱਖੀ ਵਿਕਾਸ ਕਰਨਾ ਅਤੇ ਰੁਕੇ ਹੋਏ ਕਾਰਜ ਪੂਰੇ ਕਰਨਾ ਹੋਵੇਗਾ। ਉਹਨਾਂ ਆਖਿਆ ਕਿ ਉਹ ਪਾਰਟੀ ਬਾਜੀ ਤੋਂ ਉਪਰ ਉਠ ਕੇ ਸਾਰੇ ਪਿੰਡਾਂ ਦੇ ਵਿਕਾਸ ਲਈ ਪੂਰੇ ਯਤਨ ਕਰਨਗੇ। ਉਹਨਾਂ ਬਲਾਕ ਦੇ ਸਮੂਹ ਪੰਚਾ, ਸਰਪੰਚਾਂ ਅਤੇ ਪਤਵੰਤੇ ਸੱਜਣਾਂ ਨੂੰ ਆਖਿਆ ਕਿ ਉਹ ਅਪਣੇ ਪਿੰਡਾਂ ਦੇ ਵਿਕਾਸ ਲਈ ਨਿਧੜਕ ਹੋ ਕੇ ਮੈਨੂੰ ਮਿਲ ਸਕਦੇ ਹਨ ਅਤੇ ਆਪਣੀ ਸਮਸਿਆ ਰਖ ਸਕਦੇ ਹਨ। ਇਸ ਮੌਕੇ ਬਲਾਕ ਤੇ ਪੰਚਾਇਤ ਵਿਕਾਸ



ਅਫ਼ਸਰ ਹਰਕੀਰਤ ਸਿੰਘ, ਪੰਚਾਇਤ ਸਕੱਤਰ ਯੂਨੀਅਨ ਦੇ ਪ੍ਰਧਾਨ ਬਹਾਦਰ ਸਿੰਘ ਸਮਾਣਾ ਨੇ ਸਮੂਹ ਸਟਾਫ ਮੈਂਬਰਾਂ ਸਮੇਤ ਚੇਅਰਪਰਸਨ ਬੀਬੀ ਹਰਵਿੰਦਰ ਕੌਰ ਸੰਧੂ ਅਤੇ ਵਾਇਸ ਚੇਅਰਮੈਨ ਨਰਿੰਦਰ ਸਿੰਘ ਸੋਨੂੰ ਨੂੰ ਬੁਕੇ ਦੇ ਕੇ ਉਹਨਾਂ ਦਾ ਸਨਮਾਨ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਪਨਗ੍ਰੇਨ ਪੰਜਾਬ ਦੇ ਸਾਬਕਾ ਚੇਅਰਮੈਨ ਬੰਤ ਸਿੰਘ ਕਲਾਰਾਂ, ਜ਼ਿਲ੍ਹਾ ਯੋਜਨਾ ਬੋਰਡ ਮੋਹਾਲੀ ਦੇ ਸਾਬਕਾ ਚੇਅਰਮੈਨ ਵਿਜੇ ਸ਼ਰਮਾ ਟਿੰਕੂ, ਜ਼ਿਲ੍ਹਾ ਕਾਂਗਰਸ ਕਮੇਟੀ ਰੂਪਨਗਰ ਦੇ ਮੀਤ ਪ੍ਰਧਾਨ ਹਰਮਿੰਦਰ ਸਿੰਘ ਲੱਕੀ, ਜ਼ਿਲ੍ਹਾ ਪ੍ਰੀਸ਼ਦ ਰੂਪਨਗਰ ਦੇ ਮੈਂਬਰ ਨਰਿੰਦਰ ਸਿੰਘ ਮਾਵੀ ਅਤੇ ਗੁਰਵਿੰਦਰ ਸਿੰਘ ਕਕਰਾਲੀ, ਲੈਂਡ ਮਾਰ- ਗੇਜ਼ ਬੈਂਕ ਦੇ ਵਾਇਸ ਚੇਅਰਮੈਨ ਕਰਨੈਲ ਸਿੰਘ ਜੀਤ, ਬਲਾਕ ਕਾਂਗਰਸ ਕਮੇਟੀ ਮੋਰਿੰਡਾ ਦੇ ਪ੍ਰਧਾਨ ਦਰਸ਼ਨ ਸਿੰਘ ਸੰਧੂ, ਨਗਰ ਕੌਂਸਲ ਮੋਰਿੰਡਾ ਦੇ ਸਾਬਕਾ ਪ੍ਰਧਾਨ ਹਰੀਪਾਲ, ਸਾਬਕਾ ਕੌਂਸਲਰ ਮਹਿੰਦਰ ਸਿੰਘ ਢਿੱਲੋਂ, ਸਿਟੀ ਕਾਂਗਰਸ ਮੋਰਿੰਡਾ ਦੇ ਪ੍ਰਧਾਨ ਧਰਮਪਾਲ ਥੱਮਣ, ਬਲਾਕ ਸੰਮਤੀ ਮੋਰਿੰਡਾ ਦੇ ਨਵੇਂ ਬਣੇ ਮੈਂਬਰ ਤੇਜਿੰਦਰ ਸਿੰਘ ਸੋਨੂੰ, ਹਰਕੀਰਤ ਸਿੰਘ ਮੜੌਲੀ ਕਲਾਂ, ਰਣਜੀਤ ਕੌਰ ਬੰਨ ਮਾਜਰਾ, ਵਿਕਾਸ ਫੂਲ ਕਾਈਨੌਰ, ਬਲਵਿੰਦਰ ਸਿੰਘ ਰੰਗੀਆਂ, ਸੁਰਿੰਦਰ ਕੌਰ ਦਾਤਾਰਪੁਰ, ਸੁਰਜੀਤ ਸਿੰਘ ਬਲਦੇਵ ਨਗਰ, ਜਸਵਿੰਦਰ ਕੌਰ ਮੁੰਡੀਆਂ, ਪ੍ਰਿੰਸੀਪਲ ਸਿੰਘ ਉਇੰਦ, ਦਵਿੰਦਰ ਕੌਰ ਬੂਰਮਾਜਰਾ, ਗੁਰਚਰਨ ਕੌਰ ਸੀਹੋਂ ਮਾਜਰਾ, ਮਨਦੀਪ ਕੌਰ ਬਹਿਰਾਮਪੁਰ ਜ਼ਿਮੀਂਦਾਰਾ, ਕਿਰਨਜੀਤ ਕੌਰ ਚਿੰਤਗੜ, ਗੁਰਚਰਨ ਸਿੰਘ ਮੰਦਵਾੜਾ (ਸਾਰੇ ਬਲਾਕ ਸੰਮਤੀ ਮੈਂਬਰ) ਜਗਤਾਰ ਸਿੰਘ ਸਰਪੰਚ ਸਹੇੜੀ, ਮਨਵੀਰ ਸਿੰਘ ਸਰਪੰਚ ਰਾਮਗੜ੍ਹ ਮੰਡਾਂ, ਨਰਾਤਾ ਸਿੰਘ ਹਰਨੌਲੀ, ਗੁਰਜੀਤ ਸਿੰਘ ਜੀਤੀ, ਜਗਤਾਰ ਸਿੰਘ ਅਰਨੌਲੀ, ਨਰਿੰਦਰ ਕੁਮਾਰ ਸਰਪੰਚ ਬ੍ਰਾਹਮਣ ਮਾਜਰਾ,ਅਮਨ ਸਰਪੰਚ ਭਿਉਰਾ, ਸੁਸ਼ੀਲ ਕੁਮਾਰ ਸਰਪੰਚ ਰੰਗੀਲਪੁਰ, ਕੈਪਟਨ ਜੋਗਿੰਦਰ ਸਿੰਘ ਮੰਦਵਾੜਾ, ਜਰਨੈਲ ਸਿੰਘ ਸਰਪੰਚ ਬੱਲਾਂ, ਵਿੰਦਰਜੀਤ ਸਰਪੰਚ ਰੰਗੀਆਂ, ਹਰਵਿੰਦਰ ਸਿੰਘ ਸਰਪੰਚ ਕੋਟਲਾ, ਗੁਰਦੀਪ ਸਿੰਘ ਮਾਨਖੇੜੀ ਬਲਵਿੰਦਰ ਸਿੰਘ ਚਲਾਕੀ, ਗੁਰਦਾਸ ਸਿੰਘ ਦੁੱਮਣਾ ਆਦਿ ਪੰਚ ਸਰਪੰਚ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

# ਟੈਕਸੀ ਚਾਲਕ ਕਿਸਾਨ ਯੂਨੀਅਨ ਦੇ ਕਾਰਡਾਂ ਦਾ ਟੋਲ ਪਲਾਜ਼ਾ ਤੇ ਕਰ ਰਹੇ ਹਨ ਦੁਰਉਪਯੋਗ

**ਟੋਲ ਪਲਾਜ਼ਾ ਅਧਿਕਾਰੀ ਟੈਕਸੀ ਚਾਲਕਾਂ ਨੂੰ ਨਾ ਦੇਣ ਇਹਨਾਂ ਕਾਰਡਾਂ ਦੀ ਮਾਨਤਾ**

**ਨਵਾਂਸ਼ਹਿਰ /ਕਾਠਗੜ੍ਹ 16 ਮਾਰਚ (ਜਤਿੰਦਰ ਪਾਲ ਸਿੰਘ ਕਲੇਰ )** ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਤੇ ਪੈਦਾਂ ਟੋਲ ਪਲਾਜ਼ਾ ਬੱਛੂਆਂ ਬੀਤੀ ਰਾਤ ਉਦੋਂ ਹੰਗਾਮਾ ਸ਼ੁਰੂ ਹੋ ਗਿਆ ਜਦੋਂ ਇੱਕ ਟੈਕਸੀ ਆਟਿਕਾ ਕਾਰ ਨੰਬਰ ਜਿਸ ਦਾ ਨੰਬਰ ਪੀ ਬੀ 01 9321ਟੋਲ ਪਲਾਜ਼ਾ ਤੇ ਆ ਕੇ ਰੁੱਕੀ ਜਦੋਂ ਟੋਲ ਪਲਾਜ਼ਾ ਦੇ ਮੁਲਾਜ਼ਮਾਂ ਨੇ ਉਸ ਨੂੰ ਟੋਲ ਪਰਚੀ ਕਟਵਾਉਣ ਲਈ ਕਿਹਾ ਤਾਂ ਉਸ ਕਾਰ ਦੇ ਬਜ਼ੁਰਗ ਡਰਾਈਵਰ ਨੇ ਤਰੁੰਤ ਇੱਕ ਕਿਸਾਨ ਯੂਨੀਅਨ ਦਾ ਆਈ ਕਾਰਡ ਕੱਢ ਕੇ ਟੋਲ ਮੁਲਾਜ਼ਮਾਂ ਨੂੰ ਦਬਕੇ ਨਾਲ ਮੈ ਕਿਸਾਨ ਯੂਨੀਅਨ ਦਾ ਆਗੂ ਹਾ ਅਤੇ ਮੈ ਟੋਲ ਪਰਚੀ ਕਟਵਾਉਣੀ ਅੱਗੋਂ ਟੋਲ ਪਲਾਜ਼ਾ ਦੇ ਸਾਰੇ ਮੁਲਾਜ਼ਮ ਇੱਕਠੇ ਅਤੇ ਉਨ੍ਹਾਂ ਕਿਹਾ ਕੇ ਟੈਕਸੀ ਵਾਸਤੇ ਕਿਸਾਨ ਯੂਨੀਅਨ ਦਾ ਕਾਰਡ ਇਸ ਲਈ ਤੁਹਾਨੂੰ ਟੋਲ ਦੀ ਪਰਚੀ ਕਟਵਾਉਣੀ ਹੀ ਪਵੇਗੀ। ਜਦੋਂ ਕੇ ਕਾਰ ਚਾਲਕ ਟੋਲ ਪਰਚੀ ਨਹੀ ਸੀ ਕਟਵਾਅ ਅਤੇ ਟੋਲ ਮੁਲਾਜ਼ਮਾਂ ਨਾਲ ਖੇਹਿਬੜਨ ਲੱਗ ਪਿਆ ਅਤੇ ਟੋਲ ਕਾਫੀ





ਰੌਲਾ ਪੈ ਗਿਆ ਅਤੇ ਟੋਲ ਤੇ ਲੰਮੀਆਂ ਗੱਡੀਆਂ ਦੀਆਂ ਕਤਾਰਾਂ ਲੱਗ ਗਈਆਂ ।ਅਤੇ ਇਸ ਦੌਰਾਨ ਅਚਾਨਕ ਹੀ ਉੱਥੇ ਪੱਤਰਕਾਰ ਪਹੁੰਚ ਗਏ। ਜਿਨ੍ਹਾਂ ਨੇ ਇਸ ਸਾਰੇ ਟੋਲ ਪਲਾਜ਼ਾ ਹੋਏ ਹੰਗਾਮੇ ਕਵਰੇਜ ਕਰ ਲਈ ਜਿਸ ਤੇ ਟੈਕਸੀ ਡਰਾਈਵਰ ਤਹਿਸ਼ ਵਿੱਚ ਆ ਕੇ ਪੱਤਰਕਾਰਾਂ ਨਾਲ ਲੜਨ ਲੱਗ ਪਿਆ ਅਤੇ ਕਹਿਣ ਲੱਗਾ ਤੁਸੀਂ ਸਾਡੀ ਵੀਡੀਓ ਕਿਉਂ ਬਣਾ ਹੋ ਫਿਰ ਟੋਲ ਪਲਾਜ਼ਾ ਮੁਲਾਜ਼ਮਾਂ ਕਾਫੀ ਜੱਦੋ ਜਹਿਦ ਤੋਂ ਆਖਰ ਉਸ ਨੂੰ ਟੋਲ ਪਰਚੀ ਕਟਵਾਉਣੀ ਪਈ ਜਿਸ ਉਪਰੰਤ ਗੱਡੀਆਂ ਦੀਆਂ ਲੱਗੀਆਂ ਲੰਮੀਆਂ ਕਤਾਰਾਂ ਨੂੰ ਅੱਗੇ ਲੱਗਣਾ ਪਿਆ।




# ਏਆਈਐਮਓ ਦੀ ਮੀਟਿੰਗ ਦੌਰਾਨ ਰਿਲੀਜ਼ ਕੀਤੀ ਗਈ ਸ਼ੀਨਾ ਵੀ. ਰੇਮਨਨ ਵੱਲੋਂ ਲਿਖੀ ਯਾਦਗਾਰੀ ਪੁਸਤਕ

## ਸੰਗਠਨ ਦੇ ਰਾਸ਼ਟਰੀ ਪ੍ਰਧਾਨ ਗੋਕੁਲਮ ਗੋਪਾਲਕ੍ਰਿਸ਼ਨਨ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਪਹੁੰਚੇ ਸਾਰੇ ਰਾਜਾਂ ਦੇ ਪ੍ਰਤੀਨਿਧੀ

**ਲੁਧਿਆਣਾ 16 ਮਾਰਚ (ਕਰਨੈਲ ਸਿੰਘ ਐੱਮ.ਏ.)** ਆਲ ਇੰਡੀਆ ਮਲਿਆਲੀ ਐਸੋਸੀਏਸ਼ਨ (ਏਆਈਐਮਏ) ਦੇ ਪੰਜਾਬ ਚੈਪਟਰ ਵੱਲੋਂ ਸੰਗਠਨ ਦੀ ਮੀਟਿੰਗ ਦਾ ਆਯੋਜਨ ਫਿਰੋਜ਼ਪੁਰ ਰੋਡ ਸਥਿਤ ਇੱਕ ਹੋਟਲ ਵਿੱਚ ਕੀਤਾ ਗਿਆ। ਸੰਗਠਨ ਦੇ ਰਾਸ਼ਟਰੀ ਪ੍ਰਧਾਨ ਗੋਕੁਲਮ ਗੋਪਾਲਕ੍ਰਿਸ਼ਨਨ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਸਾਰੇ ਰਾਜਾਂ ਤੋਂ ਏਆਈਐਮਏ ਦੇ ਪ੍ਰਤੀਨਿਧੀ ਸ਼ਾਮਿਲ ਹੋਏ। ਇਸ ਦੌਰਾਨ ਸ਼ੀਨਾ ਵੀ. ਰੇਮਨਨ ਵੱਲੋਂ ਲਿਖੀ ਗਈ ਯਾਦਗਾਰੀ ਪੁਸਤਕ ਵੀ ਰਿਲੀਜ਼ ਕੀਤੀ ਗਈ। ਏਆਈਐਮਏ ਰਾਸ਼ਟਰੀ ਪੱਧਰ ਦੀ ਸੰਸਥਾ ਹੈ, ਜੋ ਦੇਸ਼ ਦੇ ਸਾਰੇ ਰਾਜਾਂ ਤੇ ਕੇਂਦਰ ਸਾਸ਼ਿਤ ਪ੍ਰਦੇਸ਼ਾਂ ਵਿੱਚ ਰਹਿਣ ਵਾਲੇ ਮਲਿਆਈ ਵਰਗ ਦੇ ਕਲਿਆਣ ਦੇ ਨਾਲ-ਨਾਲ ਸਮਾਜਿਕ ਸੇਵਾਵਾਂ ਤੇ ਗਤੀਵਿਧੀਆਂ ਲਈ ਕੰਮ ਕਰ ਰਹੀ ਹੈ। ਰਾਸ਼ਟਰੀ ਪ੍ਰਧਾਨ ਗੋਕੁਲਮ ਗੋਪਾਲਕ੍ਰਿਸ਼ਨਨ ਦੇ ਮਾਰਗ ਦਰਸ਼ਨ ਵਿੱਚ ਇਹ ਸੰਗਠਨ ਪੂਰੇ ਭਾਰਤ ਵਿੱਚ ਕੰਮ ਕਰ ਰਿਹਾ ਹੈ, ਜਿੱਥੇ ਕਈ ਤਰ੍ਹਾਂ ਦੇ ਸੱਭਿਆਚਾਰ, ਰੀਤੀ-ਰਿਵਾਜ ਤੇ ਭਾਸ਼ਾਵਾਂ ਹਨ। ਇਸ ਪ੍ਰੋਗਰਾਮ ਨੂੰ ਯਾਦਗਾਰੀ ਬਣਾਉਣ ਲਈ ਪੰਜਾਬੀ ਤੇ ਮਲਿਆਲੀ ਵਰਗ ਵੱਲੋਂ ਸਾਂਝੇ ਤੌਰ ਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਦੌਰਾਨ ਪ੍ਰਧਾਨ ਗੋਕੁਲਮ ਗੋਪਾਲਕ੍ਰਿਸ਼ਨਨ ਵੱਲੋਂ ਸ਼ੀਨਾ ਵੀ. ਰੇਮਨਨ ਵੱਲੋਂ ਲਿਖੀ ਗਈ ਯਾਦਗਾਰੀ ਪੁਸਤਕ ਵੀ ਰਿਲੀਜ਼ ਕੀਤੀ ਗਈ। ਸ਼ੀਨਾ ਵੀ. ਰੇਮਨਨ ਨੇ ਦੱਸਿਆ ਕਿ ਇਹ ਪੁਸਤਕ ਉਹਨਾਂ ਲੋਕਾਂ ਦੀ ਕਹਾਣੀ ਹੈ, ਜੋ ਇਸ ਦੁਨੀਆਂ ਵਿੱਚ ਆਪਣਿਆਂ ਨੂੰ ਗਵਾਉਣ ਦੇ ਦੁੱਖ ਤੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਪੁਸਤਕ ਪਾਠਕਾਂ ਨੂੰ ਯਾਦ ਦਿਵਾਏਗੀ ਕਿ ਵਿਛੜਨ ਨਾਲ ਪਿਆਰ ਖਤਮ ਨਹੀਂ ਹੁੰਦਾ, ਬਲਕਿ ਪ੍ਰੇਮ ਦੀਆਂ ਯਾਦਾਂ ਹਮੇਸ਼ਾਂ ਤਾਕਤ ਦਾ ਸਰੋਤ ਬਣੀਆਂ ਰਹਿੰਦੀਆਂ ਹਨ। ਆਪਣੇ ਡੂੰਘੇ ਤਜ਼ੁਰਬੇ ਰਾਹੀਂ ਇਹ ਪੁਸਤਕ ਉਹਨਾਂ ਲੋਕਾਂ ਨੂੰ ਹੌਂਸਲਾ ਦਿੰਦਾ ਹੈ, ਜੋ ਆਪਣਿਆ ਦੇ ਗਮ ਵਿੱਚ ਇਕੱਲਾਪਨ ਮਹਿਸੂਸ ਕਰ ਰਹੇ ਹਨ। ਇਹ ਕਹਾਣੀ ਦੁਨੀਆਂ ਦੇ ਨਿੱਕੇ ਜਿਹੇ ਕੋਨੇ ਵਿੱਚੋਂ ਨਿਕਲੀ ਇੱਕ ਆਵਾਜ਼ ਹੈ, ਜੋ ਕਹਿੰਦੀ ਹੈ ਕਿ ਕਦੇ-ਕਦੇ ਹਿੰਮਤ ਬਣਾ ਕੇ ਰੱਖਣਾ ਵੀ ਠੀਕ ਹੁੰਦਾ ਹੈ। ਕਹਾਣੀ ਦੀ ਜੜ ਇੱਕ ਅਜਿਹੀ ਔਰਤ ਬਾਰੇ ਹੈ, ਜਿਸਦੇ ਪਿਆਰ ਨੂੰ ਲੇਖਿਕਾ ਕਦੇ ਫਿੱਕਾ ਨਹੀਂ ਪੈਣ ਦਿੰਦੀ। ਇਹ ਔਰਤ ਇੱਕ ਬੱਚੀ ਦੇ ਜੀਵਨ ਵਿੱਚ ਦੇਵਦੂਤ ਬਣ ਕੇ ਆਉਂਦੀ ਹੈ ਅਤੇ ਉਸਨੂੰ ਦੁਨੀਆਂ ਵਿੱਚ ਮੌਜੂਦ ਪ੍ਰੇਮ ਦੇ ਸਭ ਤੋਂ ਸ਼ੁੱਧ ਰੂਪ ਦੇ ਦਰਸ਼ਨ ਕਰਾਉਂਦੀ ਹੈ। ਇਹ ਇੱਕ ਅਜਿਹੇ ਪਰਿਵਾਰ ਦੀ ਕਹਾਣੀ ਹੈ, ਜਿਹਨਾਂ ਦਾ ਰਿਸ਼ਤਾ ਖ਼ੂਨ ਦਾ ਨਹੀਂ, ਬਲਕਿ ਕਰੁਣਾ, ਦੇਖਭਾਲ ਅਤੇ ਨਿਸਵਾਰਥ ਪ੍ਰੇਮ ਵਾਲਾ ਹੁੰਦਾ ਹੈ। ਇਹ ਕਹਾਣੀ ਦੱਸਦੀ ਹੈ ਕਿ ਕਿਸ ਤਰ੍ਹਾਂ ਪ੍ਰੇਮ ਜੀਵਨ ਨੂੰ ਨਵਾਂ ਰੂਪ ਦੇ ਸਕਦਾ ਹੈ ਅਤੇ ਵਿਅਕਤੀ ਦੇ ਚਲੇ ਜਾਣ ਤੋਂ ਬਾਅਦ ਵੀ ਉਹ ਜੀਵਤ ਰਹਿ ਸਕਦਾ ਹੈ। ਏਆਈਐਮਏ ਵੱਲੋਂ ਆਯੋਜਿਤ ਇਸ ਸੱਭਿਆਚਾਰਕ ਪ੍ਰੋਗਰਾਮ ਅਤੇ ਸ਼ੀਨਾ ਵੀ. ਰੇਮਨਨ ਵੱਲੋਂ ਲਿਖੀ ਇਹ ਕਹਾਣੀ ਇਸ ਗੱਲ ਦਾ ਸਬੂਤ ਹੈ ਕਿ ਕੇਰਲ ਦੇ ਲੋਕਾਂ ਦਾ ਪੰਜਾਬੀਆਂ ਲਈ ਕਿੰਨਾ ਪਿਆਰ ਹੈ। ਸ਼ੀਨਾ ਵੀ.ਰੇਮਨਨ ਨੇ ਦੱਸਿਆ ਕਿ ਇਸ ਪੁਸਤਕ ਛਪਣ ਦੇ ਦੌਰ ਵਿੱਚ ਹੈ ਅਤੇ ਅਪ੍ਰੈਲ ਮਹੀਨੇ ਇਸਨੂੰ ਅਧਿਕਾਰਿਤ ਤੌਰ ਤੇ ਰਿਲੀਜ਼ ਕਰ ਦਿੱਤਾ ਜਾਵੇਗਾ।



# ਮਹਰੂਮ ਲੋਕ ਗਾਇਕ ਕਰਤਾਰ ਰਮਲਾ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਸੱਭਿਆਚਾਰ ਮੇਲਾ 18 ਮਾਰਚ ਨੂੰ ਕਰਵਾਇਆ ਜਾਵੇਗਾ :- ਲੋਕ ਗਾਇਕ ਰਾਣਾ ਕੰਮੇਆਣਾ

**ਫ਼ਰੀਦਕੋਟ (ਸ਼ਿਵਨਾਥ)** ਦੇਸ਼ ਵਿਦੇਸ਼ ਵਿੱਚ ਆਪਣੀ ਖ਼ੂਬਸੂਰਤ ਬੁਲੰਦ ਆਵਾਜ ਨਾਲ ਪ੍ਰਸਿੱਧੀ ਖੱਟ ਚੁੱਕੇ , ਮਹਰੂਮ ਲੋਕ ਗਾਇਕ ਕਰਤਾਰ ਰਮਲਾ ਜੀ , ਜਿੰਨਾ ਦੇ ਅਨੇਕਾਂ ਮਕਬੂਲ ਡਿਊਟ ਤੇ ਸਿੰਗਲ ਟਰੈਕ ਅੱਜ ਵੀ ਸੰਗੀਤਕ ਪ੍ਰੇਮੀਆ ਵੱਲੋ ਬੇਹੱਦ ਪਸੰਦ ਕੀਤੇ ਜਾਂਦੇ ਹਨ , ਜਿਵੇਂ ਕਿ 'ਸੁਪਨਾ ਹੋ ਗਈ ਪਾਲੀਏ', ਬਾਪੂ ਦਾ ਖੂੰਡਾ,ਮੇਰੇ ਦਿਲ ਵਿਚ ਤੂੰ, ਕਹਿੰਦੀ ਮੇਰਾ ਸਿਰ ਦੁਖਦਾ ਆਦਿ ਗੀਤ ਸਰੋਤਿਆ ਦੀ ਪਹਿਲੀ ਪਸੰਦ ਬਣੇ ਤੇ ਆਪਣੀ ਅਮਿੱਟ ਛਾਪ ਛੱਡ ਗਏ। ਮਹਰੂਮ ਲੋਕ ਗਾਇਕ ਕਰਤਾਰ ਰਮਲਾ ਜੀ ਨਾਲ ਬਹੁਤ ਸਾਰੀਆਂ ਸੁਰੀਲੀਆਂ ਲੋਕ ਗਾਇਕਾਂਵਾਂ ਨੇ ਗਾ ਕੇ ਮਾਣ ਮਹਿਸੂਸ ਕੀਤਾ। ਭਾਵੇ ਓਹ ਸਾਨੂੰ ਹਮੇਸ਼ਾ ਲਈ ਅਲਵਿਦਾ ਕਹਿ, ਪਰ ਫਿਰ ਵੀ ਓਨਾਂ ਲਈ ਅਥਾਹ ਪਿਆਰ ਮੁਹੱਬਤ ਲੋਕਾਂ ਦੇ ਦਿਲਾਂ ਵਿੱਚ ਹੈ, ਓਨਾਂ ਦੇ ਚਾਹੁਣ ਵਾਲਿਆ ਵੱਲੋ ਓਨਾਂ ਦੀ ਯਾਦ ਨੂੰ ਤਾਜਾ ਰੱਖਣ ਲਈ ਕਈ ਥਾਂਈ ਸੱਭਿਆਚਾਰਕ ਮੇਲੇ ਕਰਵਾਏ ਜਾਂਦੇ ਹਨ।

ਏਸੇ ਲੜੀ ਤਹਿਤ ਓਨਾਂ ਦੇ ਜੱਦੀ ਸ਼ਹਿਰ ਫ਼ਰੀਦਕੋਟ ਦੀ ਦਾਣਾ ਮੰਡੀ ਵਿਖੇ , ਓਨਾਂ ਨਿੱਘੀ ਯਾਦ ਨੂੰ ਸਮਰਪਿਤ ਸੱਭਿਆਚਾਰ ਮੇਲਾ 18 ਮਾਰਚ ਦਿਨ ਬੁੱਧਵਾਰ ਕਰਵਾਇਆ ਜਾ ਰਿਹਾ ਹੈ।ਇਸ ਮੇਲੇ ਪ੍ਰਬੰਧ 'ਮੇਲਾ ਪ੍ਰਬੰਧਕ ਕਮੇਟੀ' ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ। ਇਸ ਮੇਲੇ ਦੇ ਸਰਪ੍ਰਸਤ ਲੋਕ ਗਾਇਕਾ ਨਵਜੋਤ ਰਾਣੀ ਤੇ ਲੋਕ ਗਾਇਕ ਰਾਣਾ ਕੰਮੇਆਣਾ ਨੇ ਪ੍ਰੈੱਸ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਪੰਜਾਬ ਦੇ ਸੁਰੀਲੇ ਤੇ ਚਰਚਿਤ ਲੋਕ ਗਾਇਕ ਮੁਹੰਮਦ ਸਦੀਕ ਤੇ ਸੁਖਜੀਤ ਕੌਰ, ਭਿੰਦੇ ਸਾਹ ਰਾਜੋਵਾਲੀਆਂ, ਐਸ ਕੌਰ,ਕੁਲਵਿੰਦਰ ਕੰਵਲ ਤੇ ਸਪਨਾ ਕੰਵਲ , ਹਰਿੰਦਰ ਸੰਧੂ ਤੇ ਅਮਨ ਧਾਲੀਵਾਲ, ਬਲਦੇਵ ਲਹਿਰੀ ਤੇ ਪੂਜਾ ਮਣੀ, ਬੀ ਐਸ ਭੱਟੀ ਤੇ ਜਸ਼ਨਮੀਤ, ਬਲਵਿੰਦਰ ਬੱਬੀ ਤੇ ਕੌਰ ਪੂਜਾ,ਰਾਜਾ ਮਰਖਈ ਤੇ ਦੀਪ ਕਿਰਨ, ਮੈਡੀਂ ਕਾਲੜਾ, ਪੰਮਾ ਸਾਹਿਰ, ਹਰਪ੍ਰੀਤ ਵਿੱਕੀ ਤੇ ਜਸਪ੍ਰੀਤ ਜੱਸੀ , ਐਸ ਐਸ ਲੱਧੀ, ਮਨਪ੍ਰੀਤ ਮਨੀ, ਰਾਣਾ ਕੰਮੇਆਣਾ, ਮਿਸ ਕਮਲ, ਨਵੀ ਰਕਬਾ, ਸੰਜੂ ਸਹੋਤਾ ਤੇ ਇਲ-ੑਵਾ ਮੰਚ ਸੰਚਾਲਕ ਸੁਖਜੀਤ ਕੌਰ ਗਰਚਾ ਆਪਣੀ ਬਾਕਮਾਲ ਖ਼ੂਬਸੂਰਤ ਸ਼ਾਇਰੀ ਨਾਲ ਰੰਗ ਬੰਨਣਗੇ ਅਤੇ ਇਸ ਸਮੇ ਮਹਰੂਮ ਲੋਕ ਗਾਇਕ ਕਰਤਾਰ ਰਮਲਾ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਾਵੇਗੀ

ਇਸ ਮੇਲੇ ਦਾ ਜਗਦੇਵ ਟਹਿਣਾ ਜੀ ਤੇ ਓਨਾਂ ਦੀ ਟੀਮ ਵੱਲੋ "ਮੇਲਾ ਟੀ.ਵੀ ਚੈਨਲ" ਤੇ ਲਾਈਵ ਟੈਲੀਕਾਸਟ ਕੀਤਾ ਜਾਵੇਗਾ। ਮੇਲਾ ਪ੍ਰਬੰਧਕ ਕਮੇਟੀ ਤੇ ਮੇਲਾ ਸਰਪ੍ਰਸਤ ਲੋਕ ਗਾਇਕਾ ਨਵਜੋਤ ਰਾਣੀ ਤੇ ਪ੍ਰਧਾਨ ਜਰਨੈਲ ਸਿੰਘ ਭੇਡੀਪੁਰਾ ਵੱਲੋ ਇਲਾਕਾ ਨਿਵਾਸੀਆਂ ਤੇ ਸੰਗੀਤਕ ਪ੍ਰੇਮੀਆਂ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਓਹ ਵੱਡੀ ਗਿਣਤੀ ਵਿਚ ਪਹੁੰਚ ਕੇ ਸਭਿਆਚਾਰ ਮੇਲੇ ਦਾ ਅਨੰਦ ਮਾਣਨ ਅਤੇ ਰੌਣਕ ਨੂੰ ਵਧਾਉਣ।




# 'ਸਾਰਥਿਕ ਸੋਚ ਗਵਾਂਢੀ' ਗਰੁੱਪ ਕਰਤਾਰ ਨਗਰ ਖੰਨਾ ਵੱਲੋਂ



**ਮਾਲੇਰਕੋਟਲਾ-16 ਮਾਰਚ(ਕੁਲਵੰਤ ਸਿੰਘ ਮੁਹਾਲੀ)** ਪ੍ਰੈਸ ਨੂੰ ਜਾਣਕਾਰੀ ਦਿੰਦਿਆ ਹਰਜਿੰਦਰ ਸਿੰਘ ਖੰਨਾ ਨੇ ਦੱਸਿਆ ਕਿ ਸਾਰਥਿਕ ਸੋਚ ਗਵਾਂਢੀ ਗਰੁੱਪ ਕਰਤਾਰ ਨਗਰ ਖੰਨਾ ਦੀ ਮਹੀਨਾਵਾਰੀ ਮੀਟਿੰਗ ਸਰਦਾਰ ਗੁਰਬਚਨ ਸਿੰਘ ਫੌਜੀ ਦੇ ਗ੍ਰਹਿ ਵਿਖੇ ਹੋਈ। ਮੀਟਿੰਗ ਵਿੱਚ ਮਾਰਚ ਮਹੀਨੇ ਦੇ ਇਤਿਹਾਸਕ, ਧਾਰਮਿਕ ਪੱਖ ਦੇ ਦਿਨਾਂ ਸੰਬੰਧੀ ਚਰਚਾ ਹੋਈ। ਮੈਡਮ ਸੁਭਾਸ਼ ਰਾਣੀ ਨੇ ਦੇਸੀ ਨਵੇ ਸਾਲ ਦੀ ਸ਼ੁਰੂਆਤ ਤੇ ਆਪਣੇ ਵਿਚਾਰ ਪ੍ਰਗਟ ਕੀਤੇ।ਦਿੱਲੀ ਫਤਿਹ ਦਿਵਸ ਉਪਰ ਮੈਂਬਰਾਂ ਨੇ ਆਪੋ ਆਪਣੇ ਵਿਚਾਰਾਂ ਤੋਂ ਜਾਣੂ ਕਰਵਾਇਆ। ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀ ਕੁਰਬਾਨੀ ਦਿਵਸ 23 ਮਾਰਚ ਦੇ ਸੰਬੰਧ ਵਿੱਚ ਬੱਚਿਆ ਨੂੰ ਜਾਣੂ ਕਰਵਾਇਆ ਗਿਆ। ਹਰਜਿੰਦਰ ਸਿੰਘ ਖੰਨਾ ਨੇ ਕਿਹਾ ਕਿ ਅੱਜ ਦੇ ਸਮੇ ਵਿੱਚ ਸਾਡੇ ਗੋਰਵਮਈ ਇਤਿਹਾਸ ਤੋ ਬੱਚਿਆ ਨੂੰ ਸੇਧ ਲੈਣ ਦੀ ਲੋੜ ਹੈ।ਜੇਕਰ ਅਸੀ ਬੱਚਿਆ ਅਤੇ ਨੌਜਵਾਨਾਂ ਨੂੰ ਇਤਿਹਾਸਕ ਅਤੇ ਸਮਾਜ ਵਿੱਚ ਵਧੀਆ ਜੀਵਨ ਜਿਊਣ ਦੀ ਜਾਂਚ ਸਿਖਾਈਏ,ਤਾਂ ਜੋ ਚੰਗੇ ਇਨਸਾਨ ਦੀ ਜਿੰਦਗੀ ਬਤੀਤ ਕਰਨ। ਇਸ ਗਰੁੱਪ ਦਾ ਮਕਸਦ ਹੀ ਇਹ ਹੈ ਕਿ ਅਸੀਂ ਸੱਭਿਅਕ ਸਮਾਜ ਪੈਦਾ ਕਰ ਸਮਾਜ ਨੂੰ ਦਰਪੇਸ਼ ਮੁਸ਼ਕਿਲਾਂ ਦਾ ਹੱਲ ਰਲਮਿਲ ਕੇ ਕਰ ਸਕੀਏ।ਮੀਟਿੰਗ ਵਿੱਚ ਸਾਮਿਲ ਮੈਂਬਰਾਂ ਅਤੇ ਬੱਚਿਆ ਲਈ ਚਾਹ ਪਾਣੀ ਦਾ ਪ੍ਰਬੰਧ ਵੀ ਕੀਤਾ ਗਿਆ। ਮੀਟਿੰਗ ਵਿੱਚ ਬਲਵੰਤ ਸਿੰਘ ਮੈਨੇਜਰ, ਜਗਪਾਲ ਸਿੰਘ, ਹਰਿੰਦਰ ਸਿੰਘ, ਹਰਕੀਰਤ ਸਿੰਘ, ਗੁਰਬਚਨ ਸਿੰਘ, ਪਰਮਜੀਤ ਕੌਰ, ਗੁਰਮੀਤ ਕੌਰ, ਗੁਰਵਿੰਦਰ ਕੌਰ, ਸੰਦੀਪ ਕੌਰ, ਬਲਵੀਰ ਕੌਰ, ਸੁਖਦੀਪ ਕੌਰ, ਤਰਨਪ੍ਰੀਤ ਕੌਰ, ਰੁਪਿੰਦਰ ਕੌਰ, ਹਰਬੰਸ ਕੌਰ, ਸੋਨੀ,ਸਵੀਤਾ ਰਾਣੀ,ਵਰਿੰਦਰ ਸਿੰਘ, ਅੰਮ੍ਰਿਤਪਾਲ ਸਿੰਘ, ਸੀਰਤ,ਜੱਸ,ਕੀਰਤ ਭਵ, ਬਲਵਿੰਦਰ ਕੌਰ, ਲੱਡੂ,ਮਨੂੰ ਆਦਿ ਹਾਜਰ ਸਨ।ਹਰਜਿੰਦਰ ਸਿੰਘ ਖੰਨਾ ਸੰਪਰਕ 6280589127

# ਜਸਵੰਤ ਸਿੰਘ ਬੇਦੀ ਦੀ ਤੀਜੀ ਬਰਸੀ ਮੌਕੇ ਡਾ.ਸਤੀਸ਼ ਕੁਮਾਰ ਨੂੰ ਤੀਜਾ ਯਾਦਗਾਰੀ ਅਵਾਰਡ ਭੇਟ

**ਬਰਨਾਲਾ (ਚੰਡਿਹੋਕ)** ਨਾਵਲ 'ਸਾਥ ਪਰਿੰਦਿਆਂ ਦੇ ' ਦੇ ਨਾਇਕ ਜਸਵੰਤ ਸਿੰਘ ਬੇਦੀ ਜੀ ਦੀ ਤੀਸਰੀ ਬਰਸੀ ਗੁਰਦੁਆਰਾ ਬਾਬਾ ਨਾਮਦੇਵ ਜੀ ਵਿਖੇ ਮਨਾਈ ਗਈ। ਬਹੁਪੱਖੀ ਲੇਖਕ ਬੂਟਾ ਸਿੰਘ ਚੌਹਾਨ ਸਵੇਰੇ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਜਸਵੰਤ ਸਿੰਘ ਬੇਦੀ ਦਾ ਜੀਵਨ ਦਰਜੀ ਦੁਨੀਆ ਵਿਚ ਇਕ ਇਤਿਹਾਸਕ ਮਹੱਤਤਾ ਰੱਖਦਾਹੈ।ਡਾ.ਸਤਨਾਮ ਸਿੰਘ ਜੱਸਲ( ਰਿਟਾ.ਪ੍ਰੋ.ਡੀਨ ਪੰਜਾਬੀ ਯੂਨੀਵਰਸਿਟੀ ਰੀਜਨਲ ਸੈਂਟਰ ਬਠਿੰਡਾ )ਨੇ ਮੰਚ ਸੰਚਾਲਨ ਕਰਦਿਆ ਕਿਹਾ ਕਿ ਬਾਪੂ ਜਸਵੰਤ ਸਿੰਘ ਬੇਦੀ ਜੀ ਨੇ ਸਾਰੀ ਉਮਰ ਸੱਚੀ ਸੁੱਚੀ ਕਿਰਤ ਕੀਤੀ ਅਤੇ ਹੋਰਾਂ ਨੂੰ ਇਸ ਕਿੱਤੇ ਦੇ ਯੋਗ ਬਣਾਇਆ। ਉਨ੍ਹਾ ਨੇ ਨਾ ਕਿਸੇ ਨੂੰ ਧੌਂਸ ਦਿੱਤੀ ਅਤੇ ਨਾ ਹੀ ਕਿਸੇ ਤੋਂ ਧੌਂਸ ਸਹੀ।ਉਹ ਗੁਰਦੁਆਰਾ ਬਾਬਾ ਨਾਮਦੇਵ ਨੂੰ ਬਣਾਉਣ ਵਾਲੇ ਮੈਂਬਰਾਂ ਵਿਚੋਂ ਇਕ ਸਨ।ਇਸ ਮੌਕੇ ਉਹਨਾ ਦੀ ਯਾਦ ਵਿਚ ਤੀਸਰਾ ਅਵਾਰਡ ਡਾ.ਸਤੀਸ਼ ਕੁਮਾਰ( ਜੋ ਪਰਿਵਾਰ ਦੇ ਬਹੁਤ ਨੇੜੇ ਰਹੇ)ਨੂੰ ਦਿੱਤਾ ਗਿਆ। ਇਹ ਰਸਮ ਸਮੁੱਚੇ ਪਰਿਵਾਰ ਨੇ ਰਲਕੇ ਅਦਾ ਕੀਤੀ।ਸਨਮਾਨ ਪੱਤਰ ਜਸਬੀਰ ਕੌਰ ਬੇਦੀ ਨੇ ਪੜ੍ਹਿਆ। ਇਸ ਤੋਂ ਪਹਿਲਾਂ ਬਹੁਪੱਖੀ ਲੇਖਕ ਬੂਟਾ ਸਿੰਘ ਚੌਹਾਨ ਅਤੇ ਡਾ.ਸੁਖਦੀਪ ਸਿੰਘ



(ਰਾਜੂ) ਨੂੰ ਇਹ ਅਵਾਰਡ ਦਿੱਤਾ ਜਾ ਚੁੱਕਿਆ ਹੈ।ਅਵਾਰਡ ਵਿੱਚ ਇਕਵੰਜਾ ਸੌ,ਮੋਮੈਂਟੋ ਅਤੇ ਲੋਈ ਭੇਂਟ ਕੀਤੀ ਗਈ।

ਡਾ.ਸੰਪੂਰਨ ਸਿੰਘ ਟੱਲੇਵਾਲੀਆ, ਡਾ.ਅਮਨਦੀਪ ਸਿੰਘ ਟੱਲੇਵਾਲੀਆ ਅਤੇ ਨਾਵਲਕਾਰ ਦਰਸ਼ਨ ਸਿੰਘ ਗੁਰੂ ਦੇ ਕਵੀਸ਼ਰੀ ਜਥੇ ਨੇ ਜਸਵੰਤ ਸਿੰਘ ਬੇਦੀ ਦੇ ਜੀਵਨ ਅਧਾਰਿਤ ਕਵੀਸ਼ਰੀ ਪੇਸ਼ ਕੀਤੀ ਗਈ। ਸ਼ਾਇਰ ਬੋਲੀਕਾਰ ਰਘਬੀਰ ਸਿੰਘ ਗਿੱਲ ਕੱਟੂ ਨੇ ਬੇਦੀ ਸਾਹਿਬ ਬਾਰੇ ਲਿਖੀਆਂ ਬੋਲੀਆਂ ਫਰੇਮ ਕਰਵਾ ਕੇ ਪਰਿਵਾਰ ਨੂੰ ਭੇਂਟ ਕੀਤੀਆਂ। ਧੰਨਵਾਦ ਕਰਦਿਆ ਡਾ.ਭੁਪਿੰਦਰ ਸਿੰਘ ਬੇਦੀ ਨੇ ਕਿਹਾ ਕਿ ਬਾਪੂ ਜਸਵੰਤ ਸਿੰਘ ਬੇਦੀ ਜੀ ਯਾਦ ਤਾਂ ਹਮੇਸ਼ਾ ਦਿਲਾਂ ਵਿਚ ਰਹਿੰਦੀ ਹੈ ਪਰ ਹਰ ਸਾਲ ਉਨ੍ਹਾ ਨੂੰ ਚਾਹੁਣ ਵਾਲੇ ਵੀ ਯਾਦ ਨੂੰ ਸੱਜਰੀ ਕਰ ਲੈਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਅਮ੍ਰਿਤ ਵੇਲੇ ਗ੍ਰਹਿ ਵਿਖੇ ਪਾ ਕੇ ਗੁਰਦੁਆਰਾ ਬਾਬਾ ਨਾਮਦੇਵ ਜੀ ਵਿਖੇ ਗੁਰਬਾਣੀ ਕੀਰਤਨ , ਅਰਦਾਸ ਤੋਂ ਬਾਦ ਸਨਮਾਨ ਰਸਮ ਕੀਤੀ ਗਈ। ਇਸ ਸਮਾਗਮ ਵਿਚ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਮੱਖਣ ਸ਼ਰਮਾਂ,ਨਾਵਲਕਾਰ ਯਾਦਵਿੰਦਰ ਸਿੰਘ ਭੁੱਲਰ, ਡਾ. ਤਰਸਪਾਲ ਕੌਰ,ਪ੍ਰੋ.ਨਿਰਮਲਪ੍ਰੀਤ ਸਿੰਘ ਬਠਿੰਡਾ, ਸਭਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ, ਜ.ਸਕੱਤਰ ਪਵਨ ਪਰਿੰਦਾ,ਖਜਾਨਚੀ ਰਾਮ ਸਰੂਪ ਸ਼ਰਮਾਂ,ਸ਼ਾਇਰ ਤਰਸੇਮ,ਪੰਜਾਬੀ ਆਲੋਚਕ ਤੇਜਿੰਦਰ ਚੰਡਿਹੋਕ, ਲਛਮਣ ਦਾਸ ਮੁਸਾਫਿਰ,ਵਾਤਾਵਰਨ ਪ੍ਰੇਮੀ ਐਸ.ਪੀ ਕੌਸ਼ਲ,ਮਹਿੰਦਰ ਸਿੰਘ ਰਾਹੀ,ਰਜੇਸ਼ ਭੁਟਾਨੀ ,ਸੰਦੀਪ ਮਲਿਕ, ਸੀਨੀਅਰ ਸਿਟੀਜਨ ਸੁਸਾਇਟੀ ਦੇ ਪ੍ਰੈੱਸ ਸਕੱਤਰ ਅਮਰੀਕ ਸਿੰਘ ਬਾਬਾ ,ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ, ਤੋਂ ਇਲ-ਾਵਾ ਬੇਦੀ ਸਾਹਿਬ ਦੇ ਸ਼ਗਿਰਦ ਕੇਵਲ ਸਿੰਘ ਵੀਨਸ, ਦਰਸ਼ਨ ਸਿੰਘ ਰੋਲੇ,ਜਗਸੀਰ ਸਿੰਘ, ਮੁਹੱਲਾ ਵਾਸੀ,ਰਿਸ਼ਤੇਦਾਰ ਅਤੇ ਵੱਖ ਵੱਖ ਪੁਲੀਟੀਕਲ,ਸਮਾਜਿਕ, ਧਾਰਮਿਕ ਪਾਰਟੀਆਂ ਦੇ ਆਗੂ ਸ਼ਾਮਲ ਹੋਏ।

# ਇੰਗਲੈਂਡ ਦੇ ਕੈਂਟ ਇਲਾਕੇ ਵਿੱਚ ਮੈਨਿੰਜਾਇਟਿਸ ਫੈਲਣ ਨਾਲ ਦੋ ਨੌਜਵਾਨਾਂ ਦੀ ਮੌਤ, 11 ਹੋਰ ਗੰਭੀਰ ਬਿਮਾਰ

**ਲੈਸਟਰ (ਇੰਗਲੈਂਡ), 16 ਮਾਰਚ (ਸੁਖਜਿੰਦਰ ਸਿੰਘ ਢੱਡੇ)-** ਇੰਗਲੈਂਡ ਦੇ ਕੈਂਟ ਇਲਾਕੇ ਵਿੱਚ ਮੈਨਿੰਜਾਇਟਿਸ ਦੇ ਖ਼ਤਰਨਾਕ ਫੈਲਾਅ ਕਾਰਨ ਦੋ ਨੌਜਵਾਨਾਂ ਦੀ ਮੌਤ ਹੋ ਜਾਣ ਅਤੇ ਕਈ ਹੋਰ ਲੋਕਾਂ ਦੇ ਗੰਭੀਰ ਤੌਰ ’ਤੇ ਬਿਮਾਰ ਹੋ ਜਾਣ ਨਾਲ ਸਿੱਖਿਆ ਸੰਸਥਾਵਾਂ ਅਤੇ ਸਿਹਤ ਵਿਭਾਗ ਵਿੱਚ ਚਿੰਤਾ ਦਾ ਮਾਹੌਲ ਬਣ ਗਿਆ ਹੈ। ਤਾਜ਼ਾ ਜਾਣਕਾਰੀ ਮੁਤਾਬਕ ਇਸ ਬਿਮਾਰੀ ਦੇ ਕੁੱਲ 13 ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚੋਂ ਦੋ ਵਿਦਿਆਰਥੀਆਂ ਦੀ ਮੌਤ ਹੋ ਗਈ ਹੈ ਜਦਕਿ 11 ਹੋਰ ਲੋਕ ਗੰਭੀਰ ਹਾਲਤ ਵਿੱਚ ਹਸਪਤਾਲ ਵਿੱਚ ਦਾਖ਼ਲ ਹਨ। ਮਰਨ ਵਾਲਿਆਂ ਵਿੱਚੋਂ ਇੱਕ ਯੂਨੀਵਰਸਿਟੀ ਆਫ ਕੈਂਟ ਦਾ ਵਿਦਿਆਰਥੀ ਦੱਸਿਆ ਗਿਆ ਹੈ, ਜਦਕਿ ਦੂਜਾ ਫੇਵਰਸ਼ਮ ਦੇ ਕੁਈਨ ਐਲਿਜ਼ਾਬੇਥ ਗ੍ਰੈਮਰ ਸਕੂਲ ਦਾ ਯੀਅਰ-13 ਦਾ ਵਿਦਿਆਰਥੀ ਸੀ। ਸਕੂਲ ਪ੍ਰਬੰਧਕਾਂ ਨੇ ਇਸ ਦੁਖਦਾਈ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਵਿਦਿਆਰਥੀ ਦੀ ਮੌਤ ਨਾਲ ਸਾਰੇ ਅਧਿਆਪਕ ਅਤੇ ਸਾਥੀ ਵਿਦਿਆਰਥੀ ਗਹਿਰੇ ਦੁੱਖ ਵਿੱਚ ਹਨ। ਸਕੂਲ ਦੀ ਹੈਡਟੀਚਰ ਅਮੀਲੀਆ ਮੈਕਇਲਰੋਇ ਨੇ ਕਿਹਾ ਕਿ ਇਹ ਸਮਾਂ ਸਾਰੇ ਸਕੂਲ ਪਰਿਵਾਰ ਲਈ ਬਹੁਤ ਹੀ ਦੁਖਦਾਈ ਹੈ ਅਤੇ ਪ੍ਰਬੰਧਕਾਂ ਦੀ ਪਹਿਲੀ ਤਰਜੀਹ ਵਿਦਿਆਰਥੀਆਂ ਅਤੇ ਸਟਾਫ਼ ਦੀ ਸੁਰੱਖਿਆ ਅਤੇ ਮਾਨਸਿਕ ਸਹਾਇਤਾ ਯਕੀਨੀ ਬਣਾਉਣਾ ਹੈ। ਇਸ ਘਟਨਾ ਤੋਂ ਬਾਅਦ ਯੂਕੇ ਹੈਲਥ ਸਿਕਿਊਰਟੀ ਏਜੰਸੀ (ਯੂਖ਼ਸ਼ਅ) ਵੱਲੋਂ ਤੁਰੰਤ ਕਾਰਵਾਈ ਕਰਦਿਆਂ ਕੈਂਟਰਬਰੀ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਵੱਡੇ ਪੱਧਰ ’ਤੇ ਲੋਕਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ਸਿਹਤ ਅਧਿਕਾਰੀਆਂ ਮੁਤਾਬਕ ਕਰੀਬ 30 ਹਜ਼ਾਰ ਵਿਦਿਆਰਥੀਆਂ, ਸਕੂਲ ਅਤੇ ਯੂਨੀਵਰਸਿਟੀ ਦੇ ਸਟਾਫ਼ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਥਿਤੀ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ ਅਤੇ ਜਿਨ੍ਹਾਂ ਲੋਕਾਂ ਦਾ ਸੰਪਰਕ ਬਿਮਾਰ ਵਿਅਕਤੀਆਂ ਨਾਲ ਹੋਇਆ ਹੋ ਸਕਦਾ ਹੈ, ਉਨ੍ਹਾਂ ਨੂੰ ਸੁਰੱਖਿਆ ਵਜੋਂ ਐਂਟੀਬਾਇਓਟਿਕ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ।

ਯੂਨੀਵਰਸਿਟੀ ਆਫ ਕੈਂਟ ਦੇ ਕਾਰਜਕਾਰੀ ਵਾਈਸ ਚਾਂਸਲਰ ਜਾਰਜੀਨਾ ਰੈਂਡਸਲੇ ਡੀ ਮੋਰਾ ਨੇ ਵਿਦਿਆਰਥੀਆਂ ਨੂੰ ਭੇਜੇ ਸੰਦੇਸ਼ ਵਿੱਚ ਕਿਹਾ ਕਿ ਇਸ ਦੁਖਦਾਈ ਘਟਨਾ ਦੇ ਮੱਦੇਨਜ਼ਰ ਇਸ ਹਫ਼ਤੇ ਲਈ ਸਾਰੇ ਇਨ-ਪਰਸਨ ਇਮਤਿਹਾਨ ਰੱਦ ਕਰ ਦਿੱਤੇ ਗਏ ਹਨ, ਹਾਲਾਂਕਿ ਯੂਨੀਵਰਸਿਟੀ ਕੈਂਪਸ ਖੁੱਲ੍ਹਾ ਰਹੇਗਾ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਲੋਕਾਂ ਨੂੰ ਮਾਨਸਿਕ ਤੌਰ ’ਤੇ ਪ੍ਰਭਾਵਿਤ ਕਰ ਸਕਦੀਆਂ ਹਨ ਅਤੇ ਇਸ ਲਈ ਯੂਨੀਵਰਸਿਟੀ ਵੱਲੋਂ ਵਿਦਿਆਰਥੀਆਂ ਲਈ ਕਾਊਂਸਲਿੰਗ ਅਤੇ ਹੋਰ ਸਹਾਇਤਾ ਉਪਲਬਧ ਕਰਵਾਈ ਜਾ ਰਹੀ ਹੈ।ਸਿਹਤ ਅਧਿਕਾਰੀਆਂ ਅਨੁਸਾਰ ਇਹ ਮਾਮਲੇ ਸੰਭਵਤ: ਕੈਂਟਰਬਰੀ ਵਿੱਚ ਹੋਏ ਕਿਸੇ ਸਮਾਜਿਕ ਸਮਾਗਮ ਨਾਲ ਜੁੜੇ ਹੋ ਸਕਦੇ ਹਨ, ਜਿਸ ਵਿੱਚ ਕੁਝ ਬਿਮਾਰ ਹੋਏ ਲੋਕ ਸ਼ਾਮਲ ਹੋਏ ਸਨ। ਇਸ ਸਬੰਧ ਵਿੱਚ ਜਾਂਚ ਜਾਰੀ ਹੈ ਤਾਂ ਜੋ ਪਤਾ ਲੱਗ ਸਕੇ ਕਿ ਬਿਮਾਰੀ ਕਿਵੇਂ ਫੈਲੀ।

ਮੈਨਿੰਜਾਇਟਿਸ ਇੱਕ ਗੰਭੀਰ ਇੰਫੈਕਸ਼ਨ ਹੁੰਦੀ ਹੈ ਜੋ ਦਿਮਾਗ ਅਤੇ ਰੀੜ੍ਹ ਦੀ ਹੱਡੀ ਦੇ ਆਲੇ-ਦੁਆਲੇ ਮੌਜੂਦ ਸੁਰੱਖਿਆ ਪਰਤਾਂ ਨੂੰ ਪ੍ਰਭਾਵਿਤ ਕਰਦੀ ਹੈ। ਜੇ ਸਮੇਂ ’ਤੇ ਇਲਾਜ ਨਾ ਮਿਲੇ ਤਾਂ ਇਹ ਬਿਮਾਰੀ ਜਾਨ ਲਈ ਖ਼ਤਰਾ ਬਣ ਸਕਦੀ ਹੈ। ਡਾਕਟਰਾਂ ਮੁਤਾਬਕ ਇਸ ਦੇ ਮੁੱਖ ਲੱਛਣਾਂ ਵਿੱਚ ਤੇਜ਼ ਬੁਖਾਰ, ਸਿਰ ਦਰਦ, ਉਲਟੀਆਂ, ਗਰਦਨ ਦਾ ਕੱਸ ਜਾਣਾ, ਰੋਸ਼ਨੀ ਨਾਲ ਚਿੜਚਿੜਾਪਣ, ਤੇਜ਼ ਸਾਹ ਲੈਣਾ, ਸਰੀਰ ’ਤੇ ਦਾਨੇ ਜਾਂ ਧੱਬੇ ਅਤੇ ਬਹੁਤ ਜ਼ਿਆਦਾ ਨੀਂਦ ਆਉਣਾ ਸ਼ਾਮਲ ਹਨ।

ਸਿਹਤ ਵਿਭਾਗ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਨੂੰ ਵੀ ਮੈਨਿੰਜਾਇਟਿਸ ਜਾਂ ਸੈਪਟੀਸੀਮੀਆ ਦੇ ਲੱਛਣ ਨਜ਼ਰ ਆਉਣ ਤਾਂ ਤੁਰੰਤ ਨੇੜਲੇ ਐਂਡ ਈ (ਅਫ਼ਓ) ਵਿਭਾਗ ਵਿੱਚ ਜਾ ਕੇ ਜਾਂ ਐਮਰਜੈਂਸੀ ਨੰਬਰ 999 ’ਤੇ ਸੰਪਰਕ ਕਰਕੇ ਡਾਕਟਰੀ ਸਹਾਇਤਾ ਲਈ ਜਾਵੇ।

# ਸ਼੍ਰੋਮਣੀ ਅਕਾਲੀ ਦਲ ਨੇ ਪਿਪਲਾਂ ਵਾਲਾ ਦੇ ਪ੍ਰੇਮ ਸਿੰਘ ਨੂੰ ਐਸ ਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸ਼੍ਰੋਮਣੀ ਅਕਾਲੀ ਦਲ ਦੇ ਜਥੇਬੰਦਕ ਢਾਂਚੇ ਵਿੱਚ ਵਾਧਾ ਕਰਦਿਆਂ ਪਾਰਟੀ ਹਾਈਕਮਾਂਡ ਵੱਲੋਂ ਸਾਬਕਾ ਡਿਪਟੀ ਮੇਅਰ ਸਰਦਾਰ ਪ੍ਰੇਮ ਸਿੰਘ ਪਿਪਲਾ ਵਾਲਾ ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦੇ ਅਨੁਸੂਚਿਤ ਜਾਤੀ (ਐਸ ਸੀ) ਵਿੰਗ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਸਹਿਮਤੀ ਨਾਲ, ਐਸ ਸੀ ਵਿੰਗ ਪੰਜਾਬ ਦੇ ਪ੍ਰਧਾਨ ਸਰਦਾਰ ਗੁਲਜ਼ਾਰ ਸਿੰਘ ਰਾਣੀਕੇ ਵੱਲੋਂ ਕੀਤੀ ਗਈ। ਇਸ ਨਿਯੁਕਤੀ ਦਾ ਨਿੱਘਾ ਸਵਾਗਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਸੰਜੀਵ ਤਲਵਾੜ ਨੇ ਪ੍ਰੇਮ ਸਿੰਘ ਪਿਪਲਾ ਵਾਲਾ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਸਰਦਾਰ ਪ੍ਰੇਮ ਸਿੰਘ ਨੇ ਹਮੇਸ਼ਾ ਹੀ ਪਾਰਟੀ ਦੀ ਚੜ੍ਹਦੀ ਕਲਾ ਲਈ ਮੋਹਰੀ ਹੋ ਕੇ ਯੋਗਦਾਨ ਪਾਇਆ ਹੈ। ਉਨ੍ਹਾਂ ਦੀ ਅਗਵਾਈ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਅੰਦਰ ਅਕਾਲੀ ਦਲ ਦਾ ਆਧਾਰ ਹੋਰ ਵਧੇਰੇ ਮਜ਼ਬੂਤ ਹੋਵੇਗਾ। ਤਲਵਾੜ ਨੇ ਵਿਸ਼ਵਾਸ ਜਤਾਇਆ ਕਿ ਪ੍ਰੇਮ ਸਿੰਘ ਦੇ ਲੰਬੇ ਸਿਆਸੀ ਤਜਰਬੇ ਦਾ ਲਾਭ ਪਾਰਟੀ ਨੂੰ ਆਉਂਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੱਡੇ ਪੱਧਰ 'ਤੇ ਮਿਲੇਗਾ।



# ਮਾਂ ਦਿਵਸ ਅਤੇ ਵਿਸਾਖੀ ਦੇ ਸਬੰਧ ‘ਚ ਵਿਸਾਖੀ ਧਮਾਕਾ ਲਾਈਵ ਵਿਰਸਾ ਸ਼ੋਅ 20 ਮਾਰਚ ਨੂੰ

## ਪ੍ਰਬੰਧਕਾ ਵੱਲੋਂ ਕੀਤਾ ਗਿਆ ਪੋਸਟਰ ਜਾਰੀ

**ਲੈਸਟਰ (ਇੰਗਲੈਂਡ), 16 ਮਾਰਚ (ਸੁਖਜਿੰਦਰ ਸਿੰਘ ਢੱਡੇ)–** ਸਾਂਝ ਕਲਾ ਕੇਂਦਰ ਲੈਸਟਰ ਵੱਲੋਂ ਮਾਂ ਦਿਵਸ ਅਤੇ ਵਿਸਾਖੀ ਦੇ ਸਬੰਧ ਵਿੱਚ ਇੱਕ ਵਿਸ਼ਾਲ ਸੱਭਿਆਚਾਰਕ ਪ੍ਰੋਗਰਾਮ “ਵਿਸਾਖੀ ਧਮਾਕਾ ਲਾਈਵ ਵਿਰਸਾ ਸ਼ੋਅ” 20 ਮਾਰਚ ਨੂੰ ਰਾਮਗੜੀਆ ਹਾਲ ਲੈਸਟਰ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਰੰਗਾਰੰਗ ਸਮਾਗਮ ਦੀ ਅਗਵਾਈ ਸਾਂਝ ਕਲਾ ਕੇਂਦਰ ਦੀ ਸੰਚਾਲਕਾ ਮਨਜਿੰਦਰ ਪੁਰੇਵਾਲ ਅਤੇ ਪ੍ਰਮਜੀਤ ਕੋਰ ਕਰ ਰਹੀਆਂ ਹਨ ਅਤੇ ਇਸ ਪ੍ਰੋਗਰਾਮ ਨੂੰ ਕਾਮਯਾਬ ਬਣਾਉਣ ਲਈ ਕਾਲਾ ਪੁਰੇਵਾਲ ਅਤੇ ਕੁਲਵੰਤ ਸਿੰਘ ਸੰਘਾ ਵੱਲੋਂ ਵੀ ਵਿਸ਼ੇਸ਼ ਸਹਿਯੋਗ ਦਿੱਤਾ ਜਾ ਰਿਹਾ ਹੈ।

ਪ੍ਰਬੰਧਕਾਂ ਵੱਲੋਂ ਅੱਜ ਇਸ ਸਬੰਧੀ ਪੋਸਟਰ ਜਾਰੀ ਕਰਦਿਆਂ ਦੱਸਿਆ ਕਿ ਇਸ ਵਿਸ਼ੇਸ਼ ਸਮਾਗਮ ਦਾ ਮੁੱਖ ਮਕਸਦ ਵਿਦੇਸ਼ ਦੀ ਧਰਤੀ ’ਤੇ ਪੰਜਾਬੀ ਸੱਭਿਆਚਾਰ, ਰਿਵਾਇਤਾਂ ਅਤੇ ਵਿਰਸੇ ਨੂੰ ਉਭਾਰਨਾ ਅਤੇ ਨਵੀਂ ਪੀੜ੍ਹੀ ਨੂੰ ਆਪਣੇ ਮੂਲਾਂ ਨਾਲ ਜੋੜਨਾ ਹੈ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪ੍ਰੋਗਰਾਮ ਨੂੰ ਵਿਸ਼ਾਲ ਪੱਧਰ ’ਤੇ ਮਨਾਉਣ ਲਈ ਖਾਸ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਦਰਸ਼ਕਾਂ ਲਈ ਮਨੋਰੰਜਨ ਭਰਪੂਰ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ।

ਇਸ ਸਮਾਗਮ ਵਿੱਚ ਰੰਗ ਭਰਨ ਲਈ ਪੰਜਾਬ ਤੋਂ ਖਾਸ ਤੌਰ ’ਤੇ ਪ੍ਰਸਿੱਧ ਪੰਜਾਬੀ ਗਾਇਕ ਧੀਰਾ ਗਿੱਲ, ਇੰਦਰਬੀਰ ਸਿੱਧੂ ਅਤੇ ਗੁਰਜਾਨ ਇੰਗਲੈਂਡ ਪਹੁੰਚ ਚੁੱਕੇ ਹਨ। ਇਹ ਗਾਇਕ ਆਪਣੇ ਨਵੇਂ ਅਤੇ ਪੁਰਾਣੇ ਪ੍ਰਸਿੱਧ ਗੀਤਾਂ ਰਾਹੀਂ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰਨਗੇ। ਆਯੋਜਕਾਂ ਦਾ ਕਹਿਣਾ ਹੈ ਕਿ ਇਨ੍ਹਾਂ ਕਲਾਕਾਰਾਂ ਦੀਆਂ ਪੇਸ਼ਕਾਰੀਆਂ ਨਾਲ ਪ੍ਰੋਗਰਾਮ ਵਿੱਚ ਖੂਬ ਰੌਣਕ ਲੱਗੇਗੀ ਅਤੇ ਦਰਸ਼ਕ ਪੰਜਾਬੀ ਸੰਗੀਤ ਦੇ ਰੰਗਾਂ ਵਿੱਚ ਰੰਗੇ ਜਾਣਗੇ।



ਮਾਂ ਦਿਵਸ ਅਤੇ ਵਿਸਾਖੀ ਦੇ ਸਬੰਧ ‘ਚ ਹੋ ਰਹੇ ਸਮਾਗਮ ਦਾ ਪੋਸਟਰ ਜਾਰੀ ਕਰਦੇ ਹੋਏ ਪ੍ਰਬੰਧਕ ਅਤੇ ਪੰਜਾਬ ਤੋਂ ਪੁੱਜੇ ਪੰਜਾਬੀ ਕਲਾਕਾਰ! ਤਸਵੀਰ :– ਸੁਖਜਿੰਦਰ ਸਿੰਘ ਢੱਡੇ

ਮਨਜਿੰਦਰ ਪੁਰੇਵਾਲ ਨੇ ਦੱਸਿਆ ਕਿ ਲੈਸਟਰ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਵੱਸਦੀ ਪੰਜਾਬੀ ਭਾਈਚਾਰੇ ਦੀ ਵੱਡੀ ਗਿਣਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਪ੍ਰੋਗਰਾਮ ਵਿਸ਼ੇਸ਼ ਤੌਰ ’ਤੇ ਤਿਆਰ ਕੀਤਾ ਗਿਆ ਹੈ, ਤਾਂ ਜੋ ਲੋਕ ਆਪਣੇ ਪਰਿਵਾਰਾਂ ਸਮੇਤ ਆ ਕੇ ਮਾ ਦਿਵਸ ਅਤੇ ਵਿਸਾਖੀ ਦੀਆਂ ਖੁਸ਼ੀਆਂ ਸਾਂਝੀਆਂ ਕਰ ਸਕਣ। ਉਨ੍ਹਾਂ ਕਿਹਾ ਕਿ ਇਸ ਮੌਕੇ ਪੰਜਾਬੀ ਸੱਭਿਆਚਾਰ ਨਾਲ ਜੁੜੀਆਂ ਵੱਖ-ਵੱਖ ਪੇਸ਼ਕਾਰੀਆਂ ਵੀ ਹੋਣਗੀਆਂ, ਜੋ ਪ੍ਰੋਗਰਾਮ ਦੀ ਰੌਣਕ ਨੂੰ ਹੋਰ ਵਧਾਉਣਗੀਆਂ।

ਪਰਮਜੀਤ ਕੌਰ, ਕਾਲਾ ਪੁਰੇਵਾਲ ਨੇ ਵੀ ਕਿਹਾ ਕਿ ਸਮਾਗਮ ਦੀਆਂ ਤਿਆਰੀਆਂ ਜ਼ੋਰਾਂ ’ਤੇ ਚੱਲ ਰਹੀਆਂ ਹਨ ਅਤੇ ਉਮੀਦ ਹੈ ਕਿ ਲੈਸਟਰ ਦਾ ਪੰਜਾਬੀ ਭਾਈਚਾਰਾ ਇਸ ਪ੍ਰੋਗਰਾਮ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੇਗਾ। ਉਨ੍ਹਾਂ ਨੇ ਸਮੂਹ ਪੰਜਬੀ ਪਰਿਵਾਰਾ ਨੂੰ ਅਪੀਲ ਕੀਤੀ ਕਿ ਉਹ ਆਪਣੇ ਦੋਸਤਾਂ ਅਤੇ ਪਰਿਵਾਰਾਂ ਸਮੇਤ ਸਮਾਗਮ ਵਿੱਚ ਸ਼ਾਮਿਲ ਹੋਣ ਅਤੇ ਪੰਜਾਬੀ ਵਿਰਸੇ ਨਾਲ ਭਰਪੂਰ ਇਸ ਰੰਗਾਰੰਗ ਸ਼ਾਮ ਦਾ ਆਨੰਦ ਮਾਨਣ!

# ਕੁਦਰਤੀ ਖੇਤੀ ਬਾਰੇ ਤਕਨੀਕਾਂ,ਤਜਰਬੇ ਅਤੇ ਮਾਡਲ ਫਾਰਮਾਂ ਦੀ ਜਾਣਕਾਰੀ ਸੰਬੰਧੀ ਕਿਸਾਨਾਂ ਲਈ ਆਤਮਾ ਸਕੀਮ ਤਹਿਤ ਮੁਫ਼ਤ ਯਾਤਰਾ

**ਬਠਿੰਡਾ (ਬਲਜੀਤ ਸਿੰਘ ਕੁਲਾਰ)** ਜ਼ਿਲ੍ਹਾ ਬਠਿੰਡਾ ਦੇ ਕਿਸਾਨ ਭਰਾਵਾਂ ਨੂੰ ਕੁਦਰਤੀ ਖੇਤੀ ਸੰਬੰਧੀ ਖੇਤੀਬਾੜੀ ਐਕਸਪੋਜਰ ਵਿਜਿਟ, ਕੇਂਦਰ ਸਰਕਾਰ ਦੀ ਸਕੀਮ ਆਤਮਾ ਤਹਿਤ ਬਿਲਕੁੱਲ ਮੁਫ਼ਤ ਮਿਤੀ 17 ਮਾਰਚ 2026 ਤੋਂ 21 ਮਾਰਚ 2026 ਤੱਕ ਕੁਰੁਕਸ਼ੇਤਰ ਅਤੇ ਰੇਵਾੜੀ (ਹਰਿਆਣਾ) ਵਿਖੇ ਆਯੋਜਿਤ ਕੀਤੀ ਜਾ ਰਿਹਾ ਹੈ। ਇਸ ਐਕਸਪੋ ਯਾਤਰਾ ਵਿੱਚ ਕੁਦਰਤੀ ਖੇਤੀ ਨਾਲ ਸੰਬੰਧਿਤ ਤਕਨੀਕਾਂ, ਤਜਰਬੇ ਅਤੇ ਮਾਡਲ ਫਾਰਮਾਂ ਦੀ ਜਾਣਕਾਰੀ ਕਿਸਾਨਾਂ ਨੂੰ ਦਿੱਤੀ ਜਾਵੇਗੀ। ਜ਼ਿਲੇ ਨਾਲ ਸੰਬੰਧਿਤ ਕਿਸਾਨ ਭਰਾ ਇਸ ਦੌਰੇ ਰਾਹੀਂ ਕੁਦਰਤੀ ਖੇਤੀ ਦੇ ਤਰੀਕਿਆਂ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ, ਤਾਂ ਜੋ ਆਧੁਨਿਕ ਤਕਨੀਕਾਂ ਨੂੰ ਅਪਣਾਕੇ ਜੈਵਿਕ ਖੇਤੀ ਨੂੰ ਮੁੜ ਸੁਰਜੀਤ ਕਰ ਸਕਣ। ਕਿਓਕਿ ਜੈਵਿਕ ਖੇਤੀ ਅੱਜ ਸਮੇਂ ਦੀ ਮੁੱਖ ਮੰਗ ਬਣ ਗਈ ਹੈ। ਜੈਵਿਕ ਖੇਤੀ ਨੂੰ ਅਪਣਾਕੇ ਹੀ ਤੰਦਰੁਸਤ ਰਿਹਾ ਜਾ ਸਕਦਾ ਹੈ ਤੇ ਵੱਡੇ ਖਰਚਿਆਂ ਤੋਂ ਬਚਕੇ ਜਿਆਦਾ ਲਾਭ ਵੀ ਕਮਾਇਆ ਜਾ ਸਕਦਾ ਹੈ। ਇਸ ਯਾਤਰਾ ਤੇ ਜਾਣ ਦੇ ਚਾਹਵਾਨ ਕਿਸਾਨ ਬਠਿੰਡਾ ਜ਼ਿਲੇ ਦੇ ਮੁੱਖ ਖੇਤੀਬਾੜੀ ਅਤੇ ਕਿਸਾਨ ਭਲਾਈ ਦਫ਼ਤਰ ਵਿਖੇ ਆਤਮਾ ਸਕੀਮ ਦੇ ਅਧਿਕਾਰੀਆਂ ਨਾਲ ਰਾਬਤਾ ਬਣਾ ਸਕਦੇ ਹਨ। ਰਾਬਤਾ ਕਾਇਮ ਕਰਨ ਸਮੇਂ ਆਪਣਾ ਨਾਮ,ਪਿਤਾ ਦਾ ਨਾਮ,ਪਿੰਡ ਦਾ ਨਾਮ, ਆਧਾਰ ਨੰਬਰ ਮੋਬਾਈਲ, ਉਮਰ ਆਦਿ ਲਿਖਵਾ ਸਕਦੇ ਹਨ। ਵਧੇਰੇ ਜਾਣਕਾਰੀ ਲਈ ਮੋਬਾਇਲ ਨੰਬਰ 95305 06544 ਤੇ ਰਾਬਤਾ ਬਣਾਇਆ ਜਾ ਸਕਦਾ ਹੈ।

# ਭਾਜਪਾ ਦਾ ਟੀਚਾ ਕੇਵਲ ਸੱਤਾ ਪ੍ਰਾਪਤੀ, ਹੈਂਕੜ ਤੇ ਹੰਕਾਰ ਅੱਗੇ ਕਦੀ ਨਹੀਂ ਝੁਕਣਗੇ ਪੰਜਾਬੀ:ਅਸ਼ੋਕ ਨਾਨੋਵਾਲ, ਗੁਰਪ੍ਰੀਤ ਗੁੱਜਰ ਰੈਲਮਾਜਰਾ

**ਨਵਾਂਸ਼ਹਿਰ 16 ਮਾਰਚ (ਜਤਿੰਦਰ ਪਾਲ ਸਿੰਘ ਕਲੇਰ )** ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਅਕਾਲੀ ਆਗੂ ਅਸ਼ੋਕ ਨਾਨੋਵਾਲ ਅਤੇ ਸੀਨੀਅਰ ਅਕਾਲੀ ਆਗੂ ਗੁਰਪ੍ਰੀਤ ਗੁੱਜਰ ਰੈਲਮਾਜਰਾ ਨੇ ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੋਗਾ ਦੀ ਭਾਜਪਾ ਦੀ ਰੈਲੀ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਭਾਸ਼ਣ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਭਾਜਪਾ ਦਾ ਮੁੱਖ ਮਕਸਦ ਕੇਵਲ ਸੱਤਾ ਪ੍ਰਾਪਤੀ ਹੈ ਤੇ ਭਾਜਪਾ ਨੂੰ ਪੰਜਾਬ ਤੇ ਪੰਜਾਬੀਆਂ ਦੀਆਂ ਭਾਵਨਾਵਾਂ ਨਾਲ ਕੋਈ ਲੈਣਾ ਦੇਣਾ ਨਹੀਂ। ਉਨ੍ਹਾਂ ਕਿਹਾ ਕਿ ਅਮਿਤ ਸ਼ਾਹ ਦੇ ਭਾਸ਼ਣ ਵਿੱਚ ਹੈਂਕੜ ਤੇ ਹੰਕਾਰ ਤੋਂ ਇਲਾਵਾ ਕੁਝ ਨਹੀਂ ਝਲਕਦਾ ਦੀ । ਉਨ੍ਹਾਂ ਆਖਿਆ ਕਿ ਆਪਣੇ ਭਾਸ਼ਣ ਵਿੱਚ ਗ੍ਰਹਿ ਮੰਤਰੀ ਨੇ ਨਾ ਤਾਂ ਪੰਜਾਬ ਦਾ ਕਰਜ਼ ਮਾਫ਼ ਕਰਨ ਸਬੰਧੀ ਕੋਈ ਗੱਲ ਕੀਤੀ, ਨਾ ਐੱਮ.ਐੱਸ.ਪੀ ਬਾਰੇ ਕੁਝ ਬੋਲੇ ਤੇ ਨਾ ਹੀ ਗ੍ਰਹਿ ਮੰਤਰੀ ਨੇ ਬੰਦੀ ਸਿੰਘਾਂ ਦੀ ਰਿਹਾਈ ਤੇ ਕੁਝ ਬੋਲਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਪੰਜਾਬ ਵਿਰੋਧੀ ਰਾਜਨੀਤਕ ਸਾਜ਼ਿਸ਼ਾਂ ਨੂੰ ਸਮਝਦੇ ਹਨ ਤੇ 2027 ਵਿੱਚ ਦਿੱਲੀ ਤੋਂ ਚੱਲਣ ਵਾਲੀਆਂ ਪਾਰਟੀਆਂ ਨੂੰ ਸਬਕ ਸਿਖਾਉਣਗੇ।ਉਨ੍ਹਾਂ ਨੇ ਕਿਹਾ ਕਿ ਅਮਿਤ ਸ਼ਾਹ ਵੱਲੋਂ ਆਪਣੇ ਭਾਸ਼ਣ ਵਿੱਚ ਕਿਹਾ ਕਿ ਜਿਨ੍ਹਾਂ ਸੂਬਿਆਂ ਵਿੱਚ ਭਾਜਪਾ ਨੂੰ ਲੱਗਭਗ 19 ਫੀਸਦੀ ਵੋਟਾਂ ਮਿਲੀਆਂ, ਉੱਥੇ ਅਗਲੀਆਂ ਚੋਣਾਂ ਵਿੱਚ ਭਾਜਪਾ ਦੀ ਸਰਕਾਰ ਬਣਦੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਦਲੀਲ ਪੰਜਾਬ 'ਤੇ ਲਾਗੂ ਕਰਨਾ ਹਕੀਕਤ ਤੋਂ ਕੋਸਾਂ ਦੂਰ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸਿਆਸਤ ਨਾ ਤਾਂ ਦਿੱਲੀ ਦੇ ਫਾਰਮੂਲਿਆਂ ਨਾਲ ਚਲਦੀ ਹੈ ਅਤੇ ਨਾ ਹੀ





ਇੱਥੋਂ ਦੇ ਲੋਕਾਂ ਕਿਸੇ ਗਿਣਤੀ ਦੇ ਹਿਸਾਬ ਨਾਲ ਫੈਸਲਾ ਕਰਦੇ ਹਨ। ਪੰਜਾਬ ਹਮੇਸ਼ਾ ਉਹ ਧਰਤੀ ਰਿਹਾ ਹੈ ਜੋ ਵਹਿਣ ਦੇ ਉਲਟ ਵਗਦੀ ਹੈ ਅਤੇ ਇੱਥੋਂ ਦੇ ਲੋਕ ਆਪਣੇ ਹੱਕਾਂ ਅਤੇ ਭਾਵਨਾਵਾਂ ਲਈ ਆਪ ਫੈਸਲਾ ਕਰਦੇ ਹਨ।ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੇ ਲੋਕਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਆ ਚੁੱਕੀ ਹੈ ਕਿ ਜੇ ਖੇਤਰੀ ਆਵਾਜ਼ ਕਮਜ਼ੋਰ ਹੋ ਗਈ ਤਾਂ ਸੂਬੇ ਦੇ ਹੱਕਾਂ 'ਤੇ ਦਿੱਲੀ ਦੀਆਂ ਵੱਡੀਆਂ ਪਾਰਟੀਆਂ ਹਾਵੀ ਹੋ ਜਾਣਗੀਆਂ। ਇਸ ਲਈ ਪੰਜਾਬ ਦੇ ਲੋਕ ਹਮੇਸ਼ਾ ਆਪਣੀ ਖੇਤਰੀ ਪਹਿਚਾਣ ਅਤੇ ਹੱਕਾਂ ਦੀ ਰੱਖਿਆ ਕਰਨ ਵਾਲੀ ਪਾਰਟੀ ਨੂੰ ਹੀ ਤਰਜੀਹ ਦੇਣਗੇ।ਉਨ੍ਹਾਂ ਨੇ ਦਾਅਵਾ ਕੀਤਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਮੁੜ ਮਜ਼ਬੂਤ ਸ਼ਕਤੀ ਵੱਜੋਂ ਉਭਰੇਗਾ ਅਤੇ ਆਪਣੇ ਬਲਬੂਤੇ ਪੰਜਾਬ ਵਿੱਚ ਸਰਕਾਰ ਬਣਾਵੇ ਗਾ । ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਪੰਜਾਬ, ਪੰਜਾਬੀਅਤ ਅਤੇ ਪੰਜਾਬ ਦੇ ਹਿੱਤਾਂ ਲਈ ਸੰਘਰਸ਼ ਕਰਦਾ ਦਾ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਦੀ ਅਸਲੀ ਆਵਾਜ਼ ਬਣ ਕੇ ਸਾਹਮਣੇ ਆਵੇਗਾ।

# ਸੁਖਬੀਰ ਸਿੰਘ ਬਾਦਲ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਐਸ.ਸੀ ਵਿੰਗ ਦੇ ਜਥੇਬੰਦਕ ਢਾਂਚੇ ਦਾ ਐਲਾਨ

## ਕੁਲਦੀਪ ਸਿੰਘ ਬੂਲੇ ਨੂੰ ਪ੍ਰਧਾਨ ਦੋਆਬਾ ਜੋਨ, ਸੁਰਿੰਦਰ ਸਿੰਘ ਦੇਸਲ ਪ੍ਰਧਾਨ ਕਪੂਰਥਲਾ (ਦਿਹਾਤੀ) ਅਤੇ ਸਰੂਪ ਸਿੰਘ ਖਲਵਾੜਾ ਪ੍ਰਧਾਨ ਕਪੂਰਥਲਾ (ਸ਼ਹਿਰੀ) ਬਣੇ

**ਕਪੂਰਥਲਾ, ( ਕੌੜਾ )**– ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਐਸ.ਸੀ ਵਿੰਗ ਦੇ ਪ੍ਰਧਾਨ ਅਤੇ ਸਾਬਕਾ ਮੰਤਰੀ ਜਥੇਦਾਰ ਗੁਲਜਾਰ ਸਿੰਘ ਰਾਣੀਕੇ ਵੱਲੋਂ ਸਾਂਝੇ ਤੌਰ ਉੱਤੇ ਆਮ ਸਹਿਮਤੀ ਨਾਲ ਅਕਾਲੀ ਦਲ ਬਾਦਲ ਦੇ ਐਸ.ਸੀ ਵਿੰਗ ਦੇ ਜਥੇਬੰਦਕ ਢਾਂਚੇ ਦਾ ਐਲਾਨ ਕੀਤਾ ਗਿਆ ਹੈ ਜਿਸ ਸੰਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਅਨੁਸਾਰ ਸੁਰਿੰਦਰ ਸਿੰਘ ਦੇਸਲ ਪ੍ਰਧਾਨ ਕਪੂਰਥਲਾ (ਦਿਹਾਤੀ), ਸਰੂਪ ਸਿੰਘ ਖਲਵਾੜਾ ਪ੍ਰਧਾਨ ਕਪੂਰਥਲਾ (ਸ਼ਹਿਰੀ) ਅਤੇ ਕੁਲਦੀਪ ਸਿੰਘ ਬੂਲੇ ਨੂੰ ਪ੍ਰਧਾਨ ਦੋਆਬਾ ਜੋਨ ਨਿਯੁਕਤ ਕੀਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਕਪੂਰਥਲਾ ਦੇ ਜ਼ਿਲਾ ਪ੍ਰਧਾਨ ਜਥੇਦਾਰ ਦਲਵਿੰਦਰ ਸਿੰਘ ਸਿੱਧੂ, ਸ਼੍ਰੋਮਣੀ ਅਕਾਲੀ ਦਲ ਕਪੂਰਥਲਾ ਦੇ ਹਲਕਾ ਇੰਚਾਰਜ ਐਚ ਐਸ ਵਾਲੀਆਂ, ਸੀਨੀਅਰ ਅਕਾਲੀ ਆਗੂ ਇੰਜ : ਸਵਰਨ ਸਿੰਘ,। ਐਸ ਜੀ ਪੀ ਸੀ ਦੇ ਕਾਰਜਕਰਨੀ ਮੈਂਬਰ ਬੀਬੀ ਗੁਰਪ੍ਰੀਤ ਕੌਰ ਰੂਹੀ, ਮਾਰਕੀਟ ਕਮੇਟੀ ਸੁਲਤਾਨਪੁਰ ਲੋਧੀ ਦੇ






ਸਾਬਕਾ ਚੇਅਰਮੈਨ ਸੁਰਜੀਤ ਸਿੰਘ ਢਿੱਲੋਂ, ਸੀਨੀਅਰ ਅਕਾਲੀ ਆਗੂ ਜਥੇਦਾਰ ਜੋਗਿੰਦਰ ਸਿੰਘ ਭੱਟੀ, ਡਾਕਟਰ ਬਲਵਿੰਦਰ ਸਿੰਘ ਚੰਚਲ, ਡਾਕਟਰ ਲਖਬੀਰ ਸਿੰਘ ਗੁਰਦਿਆਲ ਸਿੰਘ ਭੱਟੀ, ਦਿਲਬਰ ਸਿੰਘ ਦੇਸਲ, ਜਥੇਦਾਰ ਜਗਜੀਤ ਸਿੰਘ ਸ਼ੰਮੀ, ਅਜੇ ਬਬਲਾ, ਸੁਖਦੇਵ ਸਿੰਘ, ਜਰਨੈਲ ਸਿੰਘ, ਗੁਰਦੀਪ ਸਿੰਘ, ਹਰਦੇਵ ਸਿੰਘ ਦੇਸਲ ਸਾਬਕਾ ਸਰਪੰਚ, ਬਲਵਿੰਦਰ ਸਿੰਘ ਦੇਸਲ, ਰਣਧੀਰ ਸਿੰਘ ਗਿੱਲ, ਜਸਵਿੰਦਰ ਸਿੰਘ, ਬਿੱਕਰ ਸਿੰਘ, ਕੁਲਵਿੰਦਰ ਸਿੰਘ ਪੱਪਾ, ਗੁਰਮੇਲ ਸਿੰਘ, ਸੁਖਦੇਵ ਸਿੰਘ ਦੇਬਾ, ਕਾਕਾ ਸਿੱਧੂ ਆਦਿ ਨੇ ਸੁਰਿੰਦਰ ਸਿੰਘ ਦੇਸਲ ਪ੍ਰਧਾਨ ਕਪੂਰਥਲਾ (ਦਿਹਾਤੀ), ਸਰੂਪ ਸਿੰਘ ਖਲਵਾੜਾ ਪ੍ਰਧਾਨ ਕਪੂਰਥਲਾ (ਸ਼ਹਿਰੀ) ਅਤੇ ਕੁਲਦੀਪ ਸਿੰਘ ਬੂਲੇ ਨੂੰ ਪ੍ਰਧਾਨ ਦੋਆਬਾ ਜੋਨ ਨਿਯੁਕਤ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਐਸ.ਸੀ ਵਿੰਗ ਦੇ ਪ੍ਰਧਾਨ ਅਤੇ ਸਾਬਕਾ ਮੰਤਰੀ ਜਥੇਦਾਰ ਗੁਲਜਾਰ ਸਿੰਘ ਰਾਣੀਕੇ ਦਾ ਧੰਨਵਾਦ ਕਰਦਿਆਂ ਹੋਇਆਂ ਆਖਿਆ ਕਿ ਉਕਤ ਤਿੰਨਾਂ ਮਿਹਨਤੀ ਨੌਜਵਾਨ ਅਕਾਲੀ ਆਗੂਆਂ ਦੀ ਨਿਯੁਕਤੀ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਗਰਾਉਂਡ ਲੈਵਲ 'ਤੇ ਵੱਡਾ ਬਲ ਮਿਲੇਗਾ ।

# ਹੋਰ ਉੱਚਾ ਹੋਇਆ ਐੱਮ ਐੱਲ ਏ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੀ ਸ਼ਖ਼ਸੀਅਤ ਦਾ ਕੱਦ

**ਬਾਘਾਪੁਰਾਣਾ/ਭਲੂਰ (ਬੇਅੰਤ ਗਿੱਲ)** ਬਾਘਾਪੁਰਾਣਾ ਹਲਕੇ ਅੰਦਰ ਪਿੰਡ ਪੱਤੋਂ ਹੀਰਾ ਸਿੰਘ ਦੇ ਸਰਪੰਚ ਦੇ ਕਤਲ ਨੂੰ ਲੈ ਕੇ ਚਰਚਾ ਜ਼ੋਰਾਂ 'ਤੇ ਹੈ। ਇਸ ਮਾਮਲੇ ਵਿਚ ਆਮ ਆਦਮੀ ਪਾਰਟੀ ਦੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦਾ ਰੋਲ ਬਹੁਤ ਧੱਕੜ ਤੇ ਇਮਾਨਦਾਰੀ ਵਾਲਾ ਰਿਹਾ। ਸਮੁੱਚੇ ਪੰਜਾਬ ਵਿੱਚ ਹੀ ਨਹੀਂ ਬਲਕਿ ਵਿਦੇਸ਼ਾਂ ਤੱਕ ਦੇ ਪੰਜਾਬੀਆਂ ਨੇ ਵੀ ਐੱਮ ਐੱਲ ਏ ਦੇ ਸਾਫ਼ ਸੁਥਰੇ ਕਿਰਦਾਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਅੱਜ ਉਨ੍ਹਾਂ ਨੇ 'ਸੱਚ' ਅਤੇ ਯਾਰੀ ਦਾ ਮਾਣ ਰੱਖ ਲਿਆ। ਇਹ ਇਤਿਹਾਸਕ ਦੇ ਵਰਕਿਆਂ 'ਤੇ ਉੱਕਰਿਆ ਰਹੇਗਾ ਕਿ ਫਲਾਣੇ ਸਮੇਂ ਵਿੱਚ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਜਾਨ ਅਤੇ ਆਹੁਦੇ ਦੀ ਪ੍ਰਵਾਹ ਕੀਤੇ ਬਗੈਰ 'ਸੱਚ' ਦਾ ਸਾਥ ਦਿੰਦਿਆਂ 'ਯਾਰੀ' ਦੇ ਬਾਗ਼ਾਂ ਨੂੰ ਉਜੜਨ ਤੋਂ ਬਚਾਇਆ ਸੀ । ਜਿੱਥੇ ਅੱਜ ਸਿਆਸਤ ਦਾ ਗੰਧਲਾ ਦੌਰ ਚੱਲ ਰਿਹਾ ਹੈ, ਉਸੇ ਦੌਰ ਵਿਚ ਸਾਫ਼ ਸੁਥਰੇ ਅਕਸ ਵਾਲੇ ਲੀਡਰ ਸਿਆਸਤ ਨੂੰ ਨਿਖਾਰਨ ਤੇ ਸੰਵਾਰਨ ਲਈ ਸੱਚ ਦਾ ਪੱਲਾ ਫੜੀ ਖੜ੍ਹੇ ਹਨ। ਅਜਿਹੇ ਲੀਡਰਾਂ ਨੂੰ ਸੰਭਾਲ ਕੇ ਰੱਖਣ ਦੀ ਲੋੜ ਹੈ। ਦੱਸ ਦੇਈਏ ਕਿ ਜਿਸ ਦਿਨ ਉਕਤ ਘਟਨਾ ਵਾਪਰੀ ਤਾਂ ਵਿਰੋਧੀਆਂ ਵੱਲੋਂ ਸਮੁੱਚੇ ਪੰਜਾਬ ਵਿੱਚ ਇਹ ਗੱਲ ਫੈਲਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਇਸ ਮਾਮਲੇ ਵਿਚ ਐੱਮ ਐੱਲ ਏ



ਅੰਮ੍ਰਿਤਪਾਲ ਸਿੰਘ ਦੋਸ਼ੀ ਹੈ। ਪਰ ਦੇਰ ਰਾਤ ਤੱਕ ਹੌਲੀ ਹੌਲੀ ਕਲੀਅਰ ਹੁੰਦਾ ਹੁੰਦਾ ਬਿਲਕੁਲ ਕਲੀਅਰ ਹੋ ਗਿਆ ਕਿ ਇਸ ਮਾਮਲੇ ਵਿਚ ਅੰਮ੍ਰਿਤਪਾਲ ਸਿੰਘ ਸੁਖਾਨੰਦ ਦਾ ਕੋਈ ਕਸੂਰ ਨਹੀਂ ਹੈ। ਦਿਨ ਚੜ੍ਹਦੇ ਤੱਕ ਤਾਂ ਲੋਕਾਂ ਅਤੇ ਮੀਡੀਏ ਵੱਲੋਂ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰ ਦਿੱਤਾ ਗਿਆ। ਲੋਕਾਂ ਨੇ ਆਪ ਮੁਹਾਰੇ ਸੋਸ਼ਲ ਮੀਡੀਆ 'ਤੇ ਐੱਮ ਐੱਲ ਏ ਦੇ ਹੱਕ ਵਿੱਚ ਪੋਸਟਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਐੱਮ ਐੱਲ ਏ ਨੇ ਖੁਦ ਸਾਹਮਣੇ ਆਣ ਕੇ ਆਪਣੀ ਗੱਲ ਰੱਖਦਿਆਂ ਸਾਰੀ ਕਹਾਣੀ ਖੋਲ੍ਹੀ ਤਾਂ ਵਿਰੋਧੀਆਂ ਨੂੰ ਵੀ ਤ੍ਰੇਲੀ ਆ ਗਈ, ਕਿਉਂਕਿ ਉਨ੍ਹਾਂ ਨੇ ਕਹਾਣੀ ਹੋਰ ਪਾਸੇ ਮੋੜਨੀ ਚਾਹੀ ਸੀ ਪਰ ਮੁੜ ਹੋਰ ਪਾਸੇ ਨੂੰ ਗਈ। ਫ਼ਿਰ ਤਾਂ ਇਸ ਮਾਮਲੇ ਦੀ ਅਸਲ ਜੜ੍ਹ ਸਭ ਨੇ ਫੜ ਲਈ ਸੀ। ਹੁਣ ਲਗਾਤਾਰ ਹਰ ਪਾਸੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੀਆਂ ਗੱਲਾਂ ਹੋ ਰਹੀਆਂ ਹਨ। ਸੱਥਾਂ 'ਚ ਬੈਠੇ ਨੌਜਵਾਨ ਅਤੇ ਬਜ਼ੁਰਗ ਆਖ ਰਹੇ ਹਨ, ਕਿ 'ਯਾਰੀ ਜੱਟ ਦੀ ਤੂਤ ਦਾ ਮੋਛਾ, ਕਦੇ ਨਾ ਵਿਚਾਲਿਓਂ ਟੁੱਟਦੀ' । ਪਿੰਡਾਂ ਦੇ ਗਲੀਆਂ ਮੋੜਾਂ ਉੱਤੇ ਬੈਠੇ ਲੋਕ ਚਰਚਾਵਾਂ ਕਰਦੇ ਆਖ ਰਹੇ ਹਨ ਕਿ ਨੌਜਵਾਨ ਅੰਮ੍ਰਿਤਪਾਲ ਸਿੰਘ ਸੁਖਾਨੰਦ ਇਮਾਨਦਾਰ ਤੇ ਸੂਝਵਾਨ ਲੀਡਰ ਹੈ। ਉਸ ਨੇ ਸੱਚ ਦੀ ਧੌਣ ਉੱਚੀ ਰੱਖਣ ਲਈ ਝੂਠ ਨੂੰ ਖੰਗਣ ਤੱਕ ਨਹੀਂ ਦਿੱਤਾ। ਇਸ ਮਾਮਲੇ ਵਿਚ ਉਸਨੇ ਸਿਆਸਤ ਤੋਂ ਉੱਪਰ ਉੱਠਦਿਆਂ ਮਰਦਾਂ ਤੇ ਦਲੇਰਾਂ ਵਾਂਗ ਜਿਗਰੇ ਵਾਲਾ ਕੰਮ ਕੀਤਾ ਹੈ। ਇਸ ਤਰ੍ਹਾਂ ਚਾਰੇ ਪਾਸੇ ਬਾਘਾਪੁਰਾਣਾ ਐੱਮ ਐੱਲ ਏ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੀ ਸ਼ਖ਼ਸੀਅਤ ਦੇ ਚਰਚੇ ਹਨ। ਨੌਜਵਾਨ ਉਨ੍ਹਾਂ ਨਾਲ ਵੱਡੀ ਪੱਧਰ 'ਤੇ ਜੁੜ ਰਹੇ ਹਨ। ਘਰਾਂ ਵਿੱਚ ਬੈਠੀਆਂ ਔਰਤਾਂ ਉਸਨੂੰ ਦੁਆਵਾਂ ਦੇ ਰਹੀਆਂ ਹਨ।

# ਗੁਰਮਤਿ ਸਮਾਗਮ ਮੌਕੇ ਸੰਗਤਾਂ ਨੇ ਧਾਰਮਿਕ ਸਾਹਿਤ ਪ੍ਰਾਪਤ ਕਰਨ ਲਈ ਵੱਡੀ ਦਿਲਚਸਪੀ ਦਿਖਾਈ

**ਰਾਏਕੋਟ ਗੁਰਭਿੰਦਰ ਗੁਰੀ ।** ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਪਿੰਡ ਬੱਸੀਆਂ ਵਿਖੇ ਉੱਥੋਂ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਮਾਤਮਾ ਦੀ ਅਪਾਰ ਕਿਰਪਾ ਸਦਕਾ ਅਤੇ ਨਾਨਕ ਨਾਮ ਲੇਵਾ ਸੰਗਤਾਂ ਦੇ ਭਰਪੂਰ ਸਹਿਯੋਗ ਨਾਲ "92ਵਾਂ ਸਾਲਾਨਾ ਧਾਰਮਿਕ ਦੀਵਾਨ" ਸਮਾਗਮ ਕਰਵਾਇਆ ਗਿਆ। ਇਸ ਧਾਰਮਿਕ ਸਮਾਗਮ ਮੌਕੇ ਸਮਾਜ ਸੇਵੀ ਸੰਸਥਾ ਭਾਈ ਨੂਰਾ ਮਾਹੀ ਸੇਵਾ ਸੁਸਾਇਟੀ(ਰਜਿ.), ਰਾਏਕੋਟ ਵੱਲੋਂ ਧਾਰਮਿਕ ਸਾਹਿਤ ਦਾ ਮੁਫ਼ਤ ਲੰਗਰ ਤੇ ਦਸਤਾਰ ਸਿਖਲਾਈ ਕੈਂਪ ਲਗਾਇਆ ਗਿਆ।ਇਸ ਮੌਕੇ ਸੁਸਾਇਟੀ ਵੱਲੋਂ ਹੋਰਨਾਂ ਤੋਂ ਇਲਾਵਾ ਪ੍ਰਧਾਨ ਡਾਕਟਰ ਉਲਵਿੰਦਰ ਸਿੰਘ ਰਾਏਕੋਟ, ਚੇਅਰਮੈਨ ਮਾਸਟਰ ਪ੍ਰੀਤਮ ਸਿੰਘ ਬਰ੍ਹਮੀ, ਪਰਮਜੀਤ ਕੌਰ ਬਰ੍ਹਮੀ, ਲੈਕਚਰਾਰ ਬਲਵਿੰਦਰ ਸਿੰਘ ਬੱਸੀਆਂ, ਨਰਿੰਦਰ ਕੌਰ ਬੱਸੀਆਂ, ਜਸਦੀਪ ਕੌਰ, ਹਰਦੀਪ ਕੌਰ, ਪ੍ਰੈੱਸ ਸਕੱਤਰ ਨਿਰਮਲ ਦੋਸਤ ਵੀ ਹਾਜ਼ਰ ਸਨ। ਇਸ ਮੌਕੇ ਪਿੰਡ ਬੱਸੀਆਂ ਅਤੇ ਇਲਾਕੇ ਦੀਆਂ ਹਜ਼ਾਰਾਂ ਨਾਨਕ ਨਾਮ ਲੇਵਾ ਸੰਗਤਾਂ ਨੇ ਧਾਰਮਿਕ ਸਾਹਿਤ ਪ੍ਰਾਪਤ ਕਰਨ ਲਈ ਬੇਹੱਦ



ਰੁਚੀ ਦਿਖਾਈ। ਸੰਗਤਾਂ ਦੇ ਵਿਚਾਰ ਸਨ ਕਿ ਨੌਜਵਾਨ ਪੀੜ੍ਹੀ ਨੂੰ ਆਪਣੇ ਸੰਸਕਾਰਾਂ/ਵਿਰਸੇ ਨਾਲ ਜੋੜ੍ਹ ਕੇ ਰੱਖਣ ਲਈ ਧਾਰਮਿਕ ਸਾਹਿਤ ਦੇ ਲੰਗਰ ਤੇ ਦਸਤਾਰ ਸਿਖਲਾਈ ਕੈਂਪ ਸਮੇਂ-ਸਮੇਂ 'ਤੇ ਲੱਗਣੇ ਬਹੁਤ ਜ਼ਰੂਰੀ ਹਨ, ਕਿਉਂ ਕਿ ਅਜੋਕੇ ਯੁੱਗ 'ਚ ਪੱਛਮੀ ਦੇਸ਼ਾਂ ਦੇ ਸੱਭਿਆਚਾਰ ਦਾ ਸਾਡੀ ਨੌਜਵਾਨ ਪੀੜ੍ਹੀ ਉੱਪਰ ਵੱਡੇ ਪੱਧਰ 'ਤੇ ਘਾਤਕ/ਮਾਰੂ ਅਸਰ ਪੈ ਰਿਹਾ ਹੈ। ਇਸ ਮੌਕੇ ਨਾਨਕਸਰ ਸੰਪਰਦਾਇ ਦੇ ਮਹਾਂਪੁਰਸ਼ ਬਾਬਾ ਘਾਲਾ ਸਿੰਘ ਅਤੇ ਭਾਈ ਪ੍ਰਿਤਪਾਲ ਸਿੰਘ ਬਰਗਾੜੀ ਨੇ ਵੀ ਧਾਰਮਿਕ ਸਾਹਿਤ ਦੇ ਮੁਫ਼ਤ ਲੰਗਰ ਅਤੇ ਦਸਤਾਰ ਸਿਖਲਾਈ ਕੈਂਪ 'ਤੇ ਆਪਣੀ ਹਾਜ਼ਰੀ ਲਗਾਈ ਤੇ ਭਾਈ ਨੂਰਾ ਮਾਹੀ ਸੇਵਾ ਸੁਸਾਇਟੀ ਵੱਲੋਂ ਕੀਤੇ ਇਸ ਉਪਰਾਲੇ ਦੀ ਭਰਪੂਰ ਪ੍ਰਸ਼ੰਸਾ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਧਾਨ ਸੁਖਵੀਰ ਸਿੰਘ ਉੱਪਲ, ਕੇਵਲ ਸਿੰਘ ਉੱਪਲ ਯੂ.ਕੇ.,ਮਨਮੋਹਨ ਸਿੰਘ ਧਾਲੀਵਾਲ, ਚਮਕੌਰ ਸਿੰਘ ਢੇਸੀ, ਜਰਨੈਲ ਸਿੰਘ ਉੱਪਲ, ਜਰਨੈਲ ਸਿੰਘ ਜਵੰਧਾ, ਨਿਸ਼ਾਨ ਸਿੰਘ ਉੱਪਲ(ਸੇਵਾ ਮੁਕਤ ਪੁਲਿਸ ਅਧਿਕਾਰੀ), ਕੈਸ਼ੀਅਰ ਕੁਲਦੀਪ ਸਿੰਘ ਦੀਪਾ, ਗੁਰਵਿੰਦਰ ਸਿੰਘ ਚੀਮਾ, ਜਗਦੇਵ ਸਿੰਘ ਪੰਚ, ਪ੍ਰੀਤਮ ਸਿੰਘ ਧਾਲੀਵਾਲ, ਜਗਦੇਵ ਸਿੰਘ ਉੱਪਲ, ਰਣਧੀਰ ਸਿੰਘ ਧੀਰਾ, ਕੁਲਵੰਤ ਸਿੰਘ ਚੀਮਾ ਪੰਚ, ਸਾਬਕਾ ਮੈਂਬਰ ਪੰਚਾਇਤ ਗੁਰਮੀਤ ਸਿੰਘ ਕੈਲਾ(ਪਿੱਲਾ), ਕੁਲਦੀਪ ਸਿੰਘ ਰੰਧਾਵਾ, ਪਾਲ ਚੀਮਾ, ਲੈਕਚਰਾਰ ਬਲਵਿੰਦਰ ਸਿੰਘ ਬੱਸੀਆਂ, ਵਿਸ਼ਵਜੀਤ ਸਿੰਘ ਬੱਸੀਆਂ, ਨੰਬਰਦਾਰ ਸਤਪਾਲ ਸਿੰਘ ਕਲੇਰ(ਬੱਸੀਆਂ), ਜਸਮੇਲ ਕੌਰ ਜੱਸੂ ਟੇਲਰ ਮਾਸਟਰ, ਹਰਪ੍ਰੀਤ ਸਿੰਘ ਬਿਜਲੀ ਬੋਰਡ ਵੀ ਸ਼ਾਮਲ ਸਨ।

# ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੀ ਹੋਈ ਚੋਣ, ਪ੍ਰੋਫੈਸਰ ਬਲਬੀਰ ਬਣੇ ਨਵੇਂ ਪ੍ਰਧਾਨ











ਨਵੇਂ ਚੁਣੇ ਗਏ ਪ੍ਰਧਾਨ ਪ੍ਰੋ. ਬਲਬੀਰ ਨਾਲ ਸੁਸਾਇਟੀ ਦੇ ਅਹੁਦੇਦਾਰ।









**ਜਲੰਧਰ ( ਸਮਾਜ ਵੀਕਲੀ)**: ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੀ ਨਵੀਂ ਕਾਰਜਕਾਰੀ ਕਮੇਟੀ ਦੀ ਚੋਣ 14 ਮਾਰਚ, 2026 ਨੂੰ ਇਤਿਹਾਸਿਕ ਸਥਾਨ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਸਰਬ ਸੰਮਤੀ ਨਾਲ ਹੋਈ । ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ) ਦੇ ਨਵੇਂ ਅਹੁਦੇਦਾਰ ਹੇਠ ਲਿਖੇ ਅਨੁਸਾਰ ਚੁਣੇ ਗਏ:

ਪ੍ਰਧਾਨ: ਪ੍ਰੋ. ਬਲਬੀਰ , ਉਪ ਪ੍ਰਧਾਨ: ਪਰਮਿੰਦਰ ਸਿੰਘ ਖੁੱਤਣ, ਜਨਰਲ ਸਕੱਤਰ: ਬਲਦੇਵ ਰਾਜ ਭਾਰਦਵਾਜ, ਵਿੱਤ ਸਕੱਤਰ: ਤਿਲਕ ਰਾਜ, ਸਹਾਇਕ ਸਕੱਤਰ: ਬਲਦੇਵ ਰਾਜ ਜੱਸਲ, ਆਡੀਟਰ: ਇਨਕਲਾਬ ਸੰਗਰ ਅਤੇ ਕਾਰਜਕਾਰੀ ਕਮੇਟੀ ਮੈਂਬਰ ਸਾਹਿਬਾਨ: ਚਰਨ ਦਾਸ ਸੰਧੂ, ਜਸਵਿੰਦਰ ਵਰਿਆਣਾ, ਪਰਮਜੀਤ ਜੱਸਲ, ਸੂਰਜ ਬਿਰਦੀ, ਅਤੇ ਸੰਨੀ ਥਾਪਰ।

ਪ੍ਰੋ. ਅਸ਼ਵਨੀ ਜੱਸਲ ਚੋਣ ਅਧਿਕਾਰੀ ਸਨ ਅਤੇ ਡਾ. ਕਮਲ ਸ਼ੀਲ ਬਾਲੀ ਨੇ ਚੋਣ ਨੂੰ ਸੁਚਾਰੂ ਢੰਗ ਨਾਲ ਕਰਵਾਉਣ ਵਿੱਚ ਉਨ੍ਹਾਂ ਦੀ ਮਦਦ ਕੀਤੀ।

ਸੁਸਾਇਟੀ ਦੀ ਨਵੀਂ ਬੌਡੀ ਦੀ ਚੋਣ ਤੋਂ ਪਹਿਲਾਂ ਆਮ-ਇਜਲਾਸ ਦਾ ਸੰਚਾਲਨ ਸੀਨੀਅਰ ਮਿਸ਼ਨਰੀ ਸਾਥੀ ਬਲਦੇਵ ਰਾਜ ਜੱਸਲ ਨੇ ਬੁੱਧ ਬੰਦਨਾ, ਤ੍ਰਿਸ਼ਰਨ,ਪੰਚਸ਼ੀਲ ਨਾਲ ਬਾਖੂਬੀ ਕੀਤਾ। ਅੰਬੇਡਕਰ ਮਿਸ਼ਨ ਸੁਸਾਇਟੀ ਵੱਲੋਂ ਸੁਸਾਇਟੀ ਦੇ ਫਾਊਂਡਰ ਤੇ ਅੰਬੇਡਕਰ ਭਵਨ ਦੇ ਫਾਊਂਡਰ ਟਰੱਸਟੀ ਸਤਿਕਾਰਿਤ ਸ੍ਰੀ ਲਾਹੌਰੀ ਰਾਮ ਬਾਲੀ, ਸਾਬਕਾ ਕਾਰਜਕਾਰੀ ਚੇਅਰਮੈਨ ਡਾ. ਰਾਮ ਲਾਲ ਜੱਸੀ, ਕੇ. ਸੀ. ਸੁਲੇਖ , ਰਤਨ ਲਾਲ ਸਾਂਪਲਾ, ਅਮਨ ਚੈਨ, ਸੁਸਾਇਟੀ ਦੇ ਸਾਬਕਾ ਪ੍ਰਧਾਨ ਸ੍ਰੀ ਚਰਨ ਦਾਸ ਸੰਧੂ ਦੇ ਮਾਤਾ ਜੀ ਸ੍ਰੀਮਤੀ ਪ੍ਰੀਤਮ ਕੌਰ, ਸ੍ਰੀ ਕੁਲਦੀਪ ਭੱਟੀ ਦੇ ਪਿਤਾਜੀ ਸ੍ਰੀ ਰਾਮ ਸਿੰਘ ਭੱਟੀ, ਰਾਮ ਨਾਥ ਸੁੰਡਾ ਦੀ ਪਤਨੀ ਸ਼੍ਰੀਮਤੀ ਵਿੱਦਿਆਵਤੀ ਜੀ, ਅੰਬੇਡਕਰ ਭਵਨ ਟਰੱਸਟ ਦੇ ਚੇਅਰਮੈਨ ਡਾ. ਰਾਹੁਲ ਜੱਸੀ ਦੀ ਮਾਤਾ ਸ਼੍ਰੀਮਤੀ ਕੈਲਾਸ਼ ਕੌਰ, ਸੁਸਾਇਟੀ ਦੇ ਪਹਿਲੇ ਲਾਈਫ ਮੈਂਬਰ ਆਰ. ਐਲ. ਗੋਟਰਾ, ਰਾਮ ਲਾਲ ਸੋਫੀ ਪਿੰਡ, ਰਾਮ ਲਾਲ ਦਾਸ, ਸੁਰਜੀਤ ਸਿੰਘ ਜੈਤੇਵਾਲੀ, ਸੁਸਾਇਟੀ ਦੇ ਮੈਂਬਰ ਰਜਿੰਦਰ ਕੁਮਾਰ ਬਬਲੂ ਦੀ ਪਤਨੀ ਸੁਨੀਤਾ ਰਾਣੀ ਅਤੇ ਸਮਾਜ ਦੇ ਹਰਮਨ ਪਿਆਰੇ ਸਮਾਜਿਕ ਕਾਰਜ ਕਰਤਾ ਅਤੇ ਲੀਡਰ ਸੇਠ ਸਤ ਪਾਲ ਮੱਲ ਜੀ ਜੋ ਪਿਛਲੇ ਦਿਨੀ ਸਦੀਵੀ ਵਿਛੋੜਾ ਦੇ ਗਏ ਸਨ, ਇਨ੍ਹਾਂ ਮਿਸ਼ਨਰੀ ਸਾਥੀਆਂ ਪ੍ਰਤੀ ਦੋ ਮਿੰਟ ਦਾ ਮੌਨ ਧਾਰਨ ਕਰਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਸਹਾਨੁਭੂਤੀ ਪ੍ਰਗਟ ਕੀਤੀ ਗਈ।

ਸੁਸਾਇਟੀ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਸੁਸਾਇਟੀ ਦੀ ਦੋ ਸਾਲਾਂ ਦੀ ਵਰ੍ਹੇ ਵਾਰ ਕਾਰਗੁਜ਼ਾਰੀ ਰਿਪੋਰਟ ਸਦਨ ਦੇ ਸਾਹਮਣੇ ਰੱਖੀ। ਵਿੱਤ ਸਕੱਤਰ ਤਿਲਕ ਰਾਜ ਨੇ ਸੁਸਾਇਟੀ ਦੀ ਦੋ ਸਾਲਾਂ ਦੀ ਵਰ੍ਹੇ ਵਾਰ ਹਿਸਾਬ ਕਿਤਾਬ ਦੀ ਰਿਪੋਰਟ ਪੇਸ਼ ਕੀਤੀ। ਹਾਊਸ ਨੇ ਸਰਬ ਸੰਮਤੀ ਨਾਲ ਇਨ੍ਹਾਂ ਦੋਹਾਂ ਰਿਪੋਰਟਾਂ ਨੂੰ ਆਪਣੀ ਮਨਜ਼ੂਰੀ ਦਿੱਤੀ। ਸਰਬਸ਼੍ਰੀ ਕੁਲਦੀਪ ਭੱਟੀ ਐਡਵੋਕੇਟ, ਵਰਿੰਦਰ ਕੁਮਾਰ, ਸਨੀ ਥਾਪਰ, ਗੁਰਦਿਆਲ ਜੱਸਲ ਅਤੇ ਸੋਹਨ ਲਾਲ ਜੀ ਨੇ ਸੁਸਾਇਟੀ ਦੀ ਬੇਹਤਰੀ ਲਈ ਆਪਣੇ ਸੁਝਾਅ ਪੇਸ਼ ਕੀਤੇ। ਸਾਬਕਾ ਪ੍ਰਧਾਨ ਚਰਨ ਦਾਸ ਸੰਧੂ ਨੇ ਹਾਊਸ ਨੂੰ ਸੰਬੋਧਨ ਕਰਕੇ ਸਭ ਦੇ ਜਵਾਬ ਦਿੱਤੇ ਅਤੇ ਸੁਸਾਇਟੀ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਸਭ ਦਾ ਧੰਨਵਾਦ ਕਰਨ ਤੋਂ ਬਾਅਦ ਸ੍ਰੀ ਚਰਨ ਦਾਸ ਸੰਧੂ ਨੇ ਮੌਜੂਦਾ ਕਮੇਟੀ ਨੂੰ ਭੰਗ ਕਰਕੇ ਚੋਣ ਅਧਿਕਾਰੀ ਪ੍ਰੋਫੈਸਰ ਅਸ਼ਵਨੀ ਜੱਸਲ ਨੂੰ ਸੁਸਾਇਟੀ ਦੀ ਕਾਰਜਕਾਰੀ ਕਮੇਟੀ ਦੀ ਨਵੀਂ ਬੌਡੀ ਦੀ ਚੋਣ ਕਰਾਉਣ ਵਾਸਤੇ ਬੇਨਤੀ ਕੀਤੀ। ਸਰਬ ਸੰਮਤੀ ਨਾਲ ਨਵੀਂ ਬੌਡੀ ਦੀ ਚੋਣ ਹੋਣ ਉਪਰੰਤ ਸੁਸਾਇਟੀ ਦੇ ਨਵੇਂ ਬਣੇ ਪ੍ਰਧਾਨ ਪ੍ਰੋ. ਬਲਬੀਰ ਹੋਰਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਚੋਣ ਅਧਿਕਾਰੀ ਪ੍ਰੋ. ਅਸ਼ਵਨੀ ਜੱਸਲ ਅਤੇ ਸਭ ਮੈਂਬਰਾਂ ਦਾ ਧੰਨਵਾਦ ਕੀਤਾ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਵਿੱਚ ਦਿੱਤੀ।

**ਬਲਦੇਵ ਰਾਜ ਭਾਰਦਵਾਜ**
**ਜਨਰਲ ਸਕੱਤਰ**
**ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.)**

# ਪੋਸਟਰ ਮੇਕਿੰਗ, ਸਲੋਗਨ ਰਾਈਟਿੰਗ ਅਤੇ ਭਾਸ਼ਣ ਮੁਕਾਬਲੇ ਵਿਦਿਆਰਥੀਆਂ ਦੀ ਰਚਨਾਤਮਕ ਵਿਚਾਰ ਸ਼ਕਤੀ ਅਤੇ ਆਤਮ ਵਿਸ਼ਵਾਸ ਨੂੰ ਉਭਾਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ : ਮੁੱਖ ਮਹਿਮਾਨ ਗੁਰਪ੍ਰੀਤ ਕੌਰ



**ਨਵਾਂਸ਼ਹਿਰ, 16 ਮਾਰਚ (ਮਨੋਰੰਜਨ ਕਾਲੀਆ)** –ਅੱਜ ਬੀ ਐਲ ਐਮ ਗਰਲਜ਼ ਕਾਲਜ ਵਿਖੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਸ਼ਹੀਦ ਭਗਤ ਸਿੰਘ ਨਗਰ ਅਤੇ ਡਾਕਟਰ ਗੌਰੀ ਇੰਚਾਰਜ ਰੈਡ ਰਿਬਨ ਕਲੱਬ ਬੀ ਐਲ ਐਮ ਗਰਲਜ਼ ਕਾਲਜ ਅਤੇ ਸਹਿਯੋਗੀ ਓਂਕਾਰ ਸਿੰਘ ਦੀ ਦੇਖ ਰੇਖ ਵਿੱਚ ਇੰਟਰ ਕਾਲਜ ਪੋਸਟਰ ਮੇਕਿੰਗ, ਭਾਸ਼ਣ ਪ੍ਰਤੀਯੋਗੀਤਾ ਅਤੇ ਸਲੋਗਨ ਰਾਈਟਿੰਗ ਮੁਕਾਬਲੇ ਕਰਵਾਏ ਗਏ। ਕਾਲਜ ਪ੍ਰਿੰਸੀਪਲ ਸ਼੍ਰੀਮਤੀ ਤਰਨਪ੍ਰੀਤ ਕੌਰ ਵਾਲੀਆ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹਨਾਂ ਮੁਕਾਬਲਿਆਂ ਦੇ ਨਾਲ ਸ਼ਹਿਰ ਵਿੱਚ ਕਾਲਜ ਦੇ ਐਨ.ਐਸ.ਐਸ ਯੂਨਿਟ ਦੇ ਇੰਚਾਰਜ ਡਾ. ਹਰਦੀਪ ਕੌਰ, ਵਲੰਟੀਰੀਆਂ ਅਤੇ ਸਟਾਫ ਵੱਲੋਂ ਐਚ ਆਈ ਵੀ ਏਡਜ਼ ਦੀ ਰੋਕ ਥਾਮ ਲਈ ਰੈਲੀ ਵੀ ਕੱਢੀ ਗਈ। ਉਹਨਾਂ ਦੱਸਿਆ ਕਿ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਵੱਖ-ਵੱਖ ਕਾਲਜਾਂ ਨੇ ਇੰਟਰ ਕਾਲਜ ਪੋਸਟਰ ਮੇਕਿੰਗ, ਭਾਸ਼ਣ ਪ੍ਰਤੀਯੋਗੀਤਾ ਅਤੇ ਸਲੋਗਨ ਰਾਈਟਿੰਗ ਮੁਕਾਬਲਿਆਂ ਚ ਹਿੱਸਾ ਲਿਆ। ਨਤੀਜੇ ਇਸ ਪ੍ਰਕਾਰ ਰਹੇ: ਸਲੋਗਨ ਰਾਈਟਿੰਗ ਮੁਕਾ-ਬਲੇ ਚੋਂ ਹਰਮਨ ਚੌਧਰੀ ਬਾਬਾ ਬਲਰਾਜ ਪੰਜਾਬ ਯੂਨੀਵਰਸਿਟੀ ਕੋਨਸਟੀਚੂਐਂਟ ਕਾਲਜ ਬਲਾਚੌਰ ਪਹਿਲੇ ਸਥਾਨ ਤੇ, ਦੂਸਰਾ ਸਥਾਨ ਕਨੀਕਾ ਬਾਬਾ ਬਲਰਾਜ ਪੰਜਾਬ ਯੂਨੀਵਰਸਿਟੀ ਕੋਨਸਟੀਚੂਐਂਟ ਕਾਲਜ ਬਲਾਚੌਰ ਨੇ ਹਾਸਿਲ ਕੀਤਾ ਅਤੇ ਤੀਸਰਾ ਸਥਾਨ ਖੁਸ਼ਦੀਪ ਆਰ ਕੇ ਆਰਿਆ ਕਾਲਜ ਨਵਾਂਸ਼ਹਿਰ ਨੇ ਹਾਸਿਲ ਕੀਤਾ। ਭਾਸ਼ਣ ਪ੍ਰਤੀ ਯੋਗਿਤਾ ਵਿੱਚੋਂ ਓਮਸੀ ਐਸ.ਐਨ ਕਾਲਜ ਬੰਗਾ ਪਹਿਲੇ ਸਥਾਨ ਤੇ ਰਹੀ, ਗਗਨਦੀਪ ਕੌਰ ਬੀ. ਐਲ. ਐਮ ਗਰਲਜ਼ ਕਾਲਜ ਦੂਸਰੇ ਸਥਾਨ ਤੇ ਰਹੀ ਅਤੇ ਦੀਪਾਂਸ਼ੀ ਪਾਸੀ ਡੀ.ਏ.ਐਨ ਕਾਲਜ ਆਫ ਐਜੂਕੇਸ਼ਨ ਨਵਾਂਸ਼ਹਿਰ ਤੀਸਰੇ ਸਥਾਨ ਤੇ ਰਹੀ। ਪੋਸਟਰ ਮੇਕਿੰਗ ਮੁਕਾ-ਬਲੇ ਵਿੱਚੋਂ ਅੰਮ੍ਰਿਤਪਾਲ ਬਾਬਾ ਬਲਰਾਜ ਪੰਜਾਬ ਯੂਨੀਵਰਸਿਟੀ ਕੋਨਸਟੀਚੂਐਂਟ ਕਾਲਜ ਬਲਾਚੌਰ ਪਹਿਲੇ ਸਥਾਨ ਤੇ ਰਿਹਾ, ਵਕੇਸ਼ ਕੁਮਾਰ ਸਾਈ ਕਾਲਜ ਆਫ ਐਜੂਕੇਸ਼ਨ ਦੂਸਰੇ ਸਥਾਨ ਤੇ ਅਤੇ ਵਿੱਕੀ ਆਰ ਕੇ ਆਰਿਆ ਕਾਲਜ ਤੀਸਰੇ ਸਥਾਨ ਤੇ ਰਿਹਾ। ਯੁਵਕ ਸੇਵਾਵਾਂ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਆਏ ਹੋਏ ਮੁੱਖ ਮਹਿਮਾਨ ਗੁਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪੋਸਟਰ ਮੇਕਿੰਗ, ਸਲੋਗਨ ਰਾਈਟਿੰਗ ਅਤੇ ਭਾਸ਼ਣ ਮੁਕਾਬਲੇ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਦੀ ਰਚਨਾਤਮਕ ਵਿਚਾਰ ਸ਼ਕਤੀ ਅਤੇ ਆਤਮ ਵਿਸ਼ਵਾਸ ਨੂੰ ਉਭਾਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਸ ਤਰ੍ਹਾਂ ਦੇ ਮੰਚ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਦਿੰਦੇ ਹਨ ਅਤੇ ਉਹਨਾਂ ਨੂੰ ਸਮਾਜ ਪ੍ਰਤੀ ਜ਼ਿੰਮੇਵਾਰ ਨਾਗਰਿਕ ਬਣਨ ਲਈ ਪ੍ਰੇਰਿਤ ਕਰਦੇ ਹਨ । ਉਹਨਾਂ ਨੇ ਵਿਦਿਆਰਥੀਆਂ ਨੂੰ ਉਤਸ਼ਾਹ ਨਾਲ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਅਪੀਲ ਕੀਤੀ ਅਤੇ ਕਿਹਾ ਕਿ ਮਿਹਨਤ ਅਤੇ ਨਵੀਂ ਸੋਚ ਨਾਲ ਉਹ ਨਿਸ਼ਚਿਤ ਹੀ ਕਾਮਯਾਬੀ ਹਾਸਿਲ ਕਰ ਸਕਦੇ ਹਨ । ਅੰਤ ਵਿੱਚ ਕਾਲਜ ਪ੍ਰਿੰਸੀਪਲ ਨੇ ਆਏ ਹੋਏ ਵੱਖ ਵੱਖ ਕਾਲਜਾਂ ਤੋਂ ਪ੍ਰੋਫੈਸਰ ਸਾਹਿਬਾਨ, ਵਿਦਿਆਰਥੀਆਂ ਨੂੰ ਧੰਨਵਾਦ ਕਰਦੇ ਹੋਏ ਉਹਨਾਂ ਨੂੰ ਪ੍ਰੇਰਿਤ ਕੀਤਾ। ਉਹ ਸਮਾਜਿਕ ਮੁੱਦਿਆਂ ਅਤੇ ਜਾਗਰੂਕਤਾ ਨਾਲ ਸੰਬੰਧਿਤ ਵਿਸ਼ਿਆਂ ਤੇ ਆਪਣੇ ਵਿਚਾਰ ਪੋਸਟਰ, ਪ੍ਰਭਾਵਸ਼ਾਲੀ ਸਲੋਗਨਾਂ ਅਤੇ ਭਾਸ਼ਨਾ ਰਾਹੀਂ ਜੋ ਪ੍ਰਗਟ ਕੀਤੇ ਹਨ ਉਹ ਸਰਾਹਣਯੋਗ ਹਨ । ਮੰਚ ਸੰਚਾਲਨ ਡਾ. ਰੂਬੀ ਬਾਲਾ ਨੇ ਕੀਤਾ। ਜੱਜਾਂ ਦੀ ਭੂਮਿਕਾ ਪ੍ਰੋ. ਸੁਰਿੰਦਰ ਕੌਰ, ਪ੍ਰੋ. ਨਿਵੇਦੀਤਾ ਅਤੇ ਓਂਕਾਰ ਸਿੰਘ ਦੁਆਰਾ ਨਿਭਾਈ ਗਈ । ਇਸ ਮੌਕੇ ਸਮੂਹ ਕਾਲਜ ਸਟਾਫ ਮੈਂਬਰ ਸ਼ਾਮਿਲ ਸਨ।

# ਬਲਾਕ ਰੁੜਕਾ ਕਲਾਂ ਦੀ ਚੇਅਰਪਰਸਨ ਦੀ ਚੋਣ ਵੀਨਾ ਕੁਮਰੀ ਨੇ ਜਿੱਤੀ





**ਫਿਲੌਰ/ਅੱਪਰਾ 16 ਮਾਰਚ (ਦੀਪਾ):--** ਪਿੰਡ ਰੁੜਕਾ ਕਲਾਂ ਵਿਖੇ ਬਲਾਕ ਰੁੜਕਾ ਕਲਾਂ ਦੀ ਆਮ ਆਦਮੀ ਪਾਰਟੀ ਅਤੇ ਕਾਂਗਰਸ ਨੇ ਗੱਠਜੋੜ ਦੀ ਉਮੀਦਵਾਰ ਸ਼੍ਰੀਮਤੀ ਵੀਨਾ ਕੁਮਰੀ ਨੇ 9 ਵੋਟਾਂ ਹਾਸਲ ਕਰਕੇ ਚੋਣ ਜਿੱਤੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਹਲਕਾ ਇੰਚਾਰਜ ਪ੍ਰਿਸੀ. ਪ੍ਰੇਮ ਕੁਮਾਰ ਨੇ ਦੱਸਿਆ ਕਿ ਬਲਾਕ ਰੁੜਕਾ ਕਲਾਂ ਵਿਖੇ ਕੁੱਲ 15 ਬਲਾਕ ਸੰਮਤੀ ਮੈਂਬਰ ਹਨ। ਉਨ੍ਹਾਂ ਅੱਗੇ ਦੱਸਿਆ ਕਿ ਬਲਾਕ ਸੰਮਤੀ ਚੇਅਰਪਰਸਨ ਦੀ ਉਮੀਦਵਾਰ ਸ਼੍ਰੀਮਤੀ ਵੀਨਾ ਕੁਮਰੀ ਨੂੰ 9 ਵੋਟਾਂ ਹਾਸਲ ਕਰਕੇ ਜਿੱਤ ਹਾਸਲ ਕੀਤੀ ਗਈ, ਵਿਰੋਧ ਧਿਰ ਦੀ ਉਮੀਦਵਾਰ ਸ਼੍ਰੀਮਤੀ ਸੁਨੀਤਾ ਰਾਣੀ ਨੂੰ 7 ਵੋਟਾਂ ਪਾਈਆਂ ਅਤੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਗੱਠਜੋੜ ਨੇ ਚੇਅਰਪਰਸਨ ਤੇ ਕਬਜ਼ਾ ਕਰ ਲਿਆ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਹਮਾਇਤ ਵਾਲੀ ਵਾਇਸ ਚੇਅਰਪਰਸਨ ਦੀ ਉਮੀਦਵਾਰ ਵਿਰੋਧੀ ਧਿਰ ਦੀ ਸ਼੍ਰੀਮਤੀ ਜਸਪਾਲ ਕੌਰ ਨੂੰ 9 ਵੋਟਾਂ ਹਾਸਲ ਕਰਕੇ ਜਿੱਤ ਹਾਸਲ ਕੀਤੀ ਅਤੇ ਆਮ ਆਦਮੀ ਪਾਰਟੀ ਦੀ ਉਮੀਦਵਾਰ ਸ਼੍ਰੀਮਤੀ ਰਿੰਕੀ ਰਾਣੀ ਨੂੰ 7 ਵੋਟਾਂ ਪਾਈਆਂ। ਇਥੇ ਦੱਸਣਯੋਗ ਹੈ ਕਿ ਵਿਰੋਧੀ ਧਿਰ ਦੀ ਉਮੀਦਵਾਰ ਸ਼੍ਰੀਮਤੀ ਸੁਨੀਤਾ ਰਾਣੀ ਜੋ ਕਿ ਆਮ ਆਦਮੀ ਪਾਰਟੀ ਵੱਲੋਂ ਜੋਨ ਛੱਡਾ ਤੋਂ ਬਲਾਕ ਸੰਮਤੀ ਦੀ ਚੋਣ ਜਿੱਤੀ ਸੀ ਪਰ ਚੇਅਰਪਰਸਨ ਦੀ ਕੁਰਸੀ ਦੇ ਲਾਲਚ ਵਿੱਚ ਆ ਕੇ ਅਕਾਲੀ ਦਲ ਸ਼ਾਮਿਲ ਹੋ ਕੇ ਚੇਅਰਪਰਸਨ ਦੀ ਚੋਣ ਲੜੀ ਸੀ ਪਰ 2 ਵੋਟਾਂ ਨਾਲ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਦੇ ਆਗੂਆਂ ਨੇ ਚੋਣ ਪ੍ਰਕਿਰਿਆ 'ਤੇ ਗੰਭੀਰ ਸਵਾਲ ਖੜੇ ਕਰਦੇ ਹੋਏ ਗੜਬੜੀ ਦੇ ਦੋਸ਼ ਲਗਾਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਚੋਣ ਦੌਰਾਨ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਗਈ ਅਤੇ ਸਾਰੇ ਮਾਮਲੇ ਦੀ ਜਾਂਚ ਹੋਣੀ ਚਾਹੀਦੀ ਹੈ। ਉਧਰ ਦੂਜੇ ਪਾਸੇ ਕਾਂਗਰਸ ਦੇ ਐੱਮ ਐੱਲ ਏ ਵਿਕਰਮਜੀਤ ਸਿੰਘ ਚੌਧਰੀ ਨੇ ਕਿਹਾ ਕਿ ਬੈਲਟ ਪੇਪਰ ਨਾਲ ਅੰਦਰ ਵੋਟਿੰਗ ਕੀਤੀ ਗਈ, ਜਿਸ ਵਿੱਚ ਸ਼੍ਰੀਮਤੀ ਵੀਨਾ ਕੁਮਰੀ ਨੂੰ 9 ਵੋਟਾਂ ਪਾਈਆਂ ਹਨ, ਜਦਕਿ ਸ਼੍ਰੀਮਤੀ ਰਿੰਕੀ ਰਾਣੀ ਜੋ ਕਿ ਵਾਇਸ ਚੇਅਰਮੈਨ ਦੀ ਉਮੀਦਵਾਰ ਨੂੰ 7 ਵੋਟਾਂ ਪਾਈਆਂ ਹਨ, ਸ਼੍ਰੀਮਤੀ ਜਸਪਾਲ ਕੌਰ ਨੂੰ 9 ਵੋਟਾਂ ਪਾਈਆਂ ਜਦੋਂ ਚੇਅਰਪਰਸਨ ਚੁਣੀ ਗਈ। ਉਨ੍ਹਾਂ ਅੱਗੇ ਕਿਹਾ ਕਿ ਅੰਦਰ ਦੋ ਵਾਰ ਗਿਣਤੀ ਕੀਤੀ ਗਈ ਸੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐੱਸ ਡੀ ਐੱਮ ਫਿਲੌਰ ਕਮ ਰਿਟਰਨਿੰਗ ਅਫ਼ਸਰ ਦੀਪਕ ਭਾਟੀਆ ਨੇ ਦੱਸਿਆ ਕਿ ਰੁੜਕਾ ਕਲਾਂ ਦੀ ਬਲਾਕ ਸੰਮਤੀ ਦੀ ਚੋਣ ਵਿੱਚ ਕੁੱਲ 15 ਮੈਂਬਰ ਅਤੇ ਵਿਧਾਇਕ ਸਮੇਤ 16 ਵੋਟਾਂ ਨੇ ਆਪਣੇ ਵੋਟ ਦਾ ਇਸਤੇਮਾਲ ਕਰਦੇ ਹੋਏ ਵੀਨਾ ਕੁਮਰੀ ਨੂੰ 9 ਵੋਟਾਂ ਪਾਕੇ ਚੇਅਰਪਰਸਨ ਬਣਾਇਆ, ਜਦਕਿ ਜਸਪਾਲ ਕੌਰ ਨੂੰ ਵਾਇਸ ਚੇਅਰਪਰਸਨ 9 ਵੋਟਾਂ ਪਾਕੇ ਬਣਾਇਆ, ਸ਼੍ਰੀਮਤੀ ਸੁਨੀਤਾ ਰਾਣੀ ਜੋ ਚੇਅਰਪਰਸਨ ਦੀ ਉਮੀਦਵਾਰ ਸਨ ਉਸ ਨੂੰ 7 ਵੋਟਾਂ ਪਾਈਆਂ ਹਨ ਅੰਦਰ ਵੋਟਿੰਗ ਦੌਰਾਨ ਕੋਈ ਧੱਕੇਸ਼ਾਹੀ ਨਹੀਂ ਹੋਈ ਦੋ ਵਾਰ ਵੋਟਾਂ ਦੀ ਗਿਣਤੀ ਕੀਤੀ ਗਈ, ਜਿਸ ਦੀ ਮੌਕੇ ਤੇ ਵਿਡੀਓਗ੍ਰਾਫੀ ਕੀਤੀ ਗਈ ਹੈ। ਇਸ ਮੌਕੇ ਹਲਕਾ ਇੰਚਾਰਜ ਪ੍ਰਿਸੀ ਪ੍ਰੇਮ ਕੁਮਾਰ ਨੇ ਸ਼੍ਰੀਮਤੀ ਵੀਨਾ ਕੁਮਰੀ ਦੀ ਜਿੱਤ ਹਾਸਲ ਕਰਨ ਲਈ ਮੁਬਾਰਕਬ-ਾਦ ਦਿੱਤੀ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂਆਂ ਦਾ ਅਤੇ ਸਪੋਟਰਾ ਦਾ ਤਹਿਦਿਲੋਂ ਧੰਨਵਾਦ ਕੀਤਾ। ਇਸ ਮੌਕੇ ਹਲਕਾ ਇੰਚਾਰਜ ਪ੍ਰਿਸੀ ਪ੍ਰੇਮ ਕੁਮਾਰ, ਐਮ. ਐੱਲ. ਏ. ਵਿਕਰਮਜੀਤ ਸਿੰਘ ਚੌਧਰੀ, ਸ਼੍ਰੀਮਤੀ ਵੀਨਾ ਕੁਮਰੀ, ਸ਼੍ਰੀਮਤੀ ਗੁਰਪ੍ਰੀਤ ਕੌਰ, ਸ਼੍ਰੀਮਤੀ ਰਿੰਕੀ ਰਾਣੀ, ਮਾ. ਸੋਢੀ ਰਾਮ, ਅਮਨਦੀਪ ਕੌਰ, ਜਸਪਾਲ ਮਹਿਮੀ, ਵਿਰਕ ਸਰਪੰਚ ਲਾਡੀ ਬਸਰਾ ਤੋਂ ਇਲਾਵਾ ਸਪੋਰਟਜ਼ ਭਾਰੀ ਗਿਣਤੀ ਵਿੱਚ ਆਦਿ ਹਾਜ਼ਰ ਸਨ।

# "...'ਤੇ ਮੱਕੀ ਦੇ ਭੁੱਜੇ ਦਾਣੇ ਮਾਡਰਨ ਪੌਪਕੌਰਨ ਬਣ ਗਏ"


ਅੱਜ ਵੱਡੇ ਵੱਡੇ ਮਾਲਾਂ ਦੇ ਪੀ ਵੀ ਆਰ ਸਿਨੇਮਾਘਰਾਂ ਵਿੱਚ ਇੰਟਰਵਲ ਵੇਲੇ ਜਦ ਤੱਕ ਪੰਜ ਚਾਰ ਸੌ ਰੁਪਏ ਦੇ ਪੌਪ ਕੌਰਨ ਨਾ ਮੰਗਵਾਏ ਜਾਣ ਉਦੋਂ ਤੱਕ ਇਨਸਾਨ ਉੱਥੇ ਬੈਠਾ ਗਰੀਬੜਾ ਜਿਹਾ ਹੀ ਲੱਗਦਾ ਹੈ। ਪੌਪ ਕੌਰਨ ਖਾਂਦੇ ਖਾਂਦੇ ਫ਼ਿਲਮ ਦੇਖਣ ਦਾ ਸਵਾਦ ਵੀ ਦੁੱਗਣਾ ਹੋ ਜਾਂਦਾ ਹੈ। ਪੌਪ ਕੌਰਨ ਵੀ ਛੋਟੀ ਬਾਲਟੀ ਜਿੱਡੇ ਰੰਗਦਾਰ ਡੱਬੇ ਵਿੱਚ ਨੱਕੋ ਨੱਕ ਭਰ ਕੇ ਨਾਲ ਠੰਡੇ ਦੀ ਬੋਤਲ ਇੱਕ ਟਰੇਅ ਵਿੱਚ ਰੱਖ ਕੇ ਜਦ ਸੋਹਣੀ ਜਿਹੀ ਵਰਦੀ ਵਾਲ਼ੀ ਕੁੜੀ ਜਾਂ ਮੁੰਡਾ ਅਦਬ ਸਹਿਤ ਫ਼ਿਲਮ ਦੇਖਦਿਆਂ ਨੂੰ ਸੀਟ ਨੰਬਰ ਪੁੱਛ ਕੇ ਪਰੋਸ ਕੇ ਜਾਂਦੇ ਹਨ ਤਾਂ ਬੰਦੇ ਦੀ ਟੌਹਰ ਵੀ ਦੂੱਗਣੀ ਹੋ ਜਾਂਦੀ ਹੈ। ਪੌਪ ਕੌਰਨ ਸਭ ਨੂੰ ਪਸੰਦ ਹੀ ਐਨੇ ਹਨ ਕਿ ਵਿਆਹਾਂ ਸ਼ਾਦੀਆਂ ਤੇ ਖਾਣਿਆਂ ਦੇ ਸਟਾਲਾਂ ਦੇ ਨਾਲ ਪੌਪ ਕੌਰਨ ਦਾ ਸਟਾਲ ਵੀ ਜ਼ਰੂਰ ਲੱਗਿਆ ਹੁੰਦਾ ਹੈ। ਮਾਵਾਂ ਚਾਹੇ ਵਿਆਹ ਵਿੱਚ ਚਾਟ,ਭੱਲੇ ਖਾਂਦੀਆਂ ਹੋਣ ਪਰ ਬੱਚਿਆਂ ਦਾ ਮਜਮਾ ਪੌਪ ਕੌਰਨ ਵਾਲੇ ਸਟਾਲ ਤੇ ਹੀ ਲੱਗਿਆ ਹੁੰਦਾ ਹੈ। ਇੱਕ ਗੱਲ ਤਾਂ ਖੁਸ਼ੀ ਦੀ ਹੈ ਕਿ ਸਾਡੀ ਕੋਈ ਵਿਰਾਸਤੀ ਖਾਣੇ ਦੀ ਚੀਜ਼ ਨੂੰ ਐਨਾ ਮਾਣ ਮਿਲ ਰਿਹਾ ਹੈ ਜਿੰਨਾ ਪੁਰਾਤਨ ਸਮਿਆਂ ਵਿੱਚ ਮਿਲਦਾ ਸੀ। ਸਿਰਫ਼ ਉਸ ਦੇ ਰੰਗ ਰੂਪ ਤੇ ਸਥਾਨ ਵਿੱਚ ਹੀ ਤਬਦੀਲੀ ਆਈ ਹੈ।

ਆਪਾਂ ਜਿਹੜੇ ਪੌਪ ਕੌਰਨਾਂ ਦੀ ਗੱਲ ਕੀਤੀ ਹੈ ਇਹ ਸਾਡੇ ਵਿਰਾਸਤੀ ਖਾਣੇ ਦਾ ਇੱਕ ਜ਼ਰੂਰੀ ਹਿੱਸਾ ਮੱਕੀ ਦੇ ਭੁੱਜੇ ਹੋਏ ਦਾਣੇ ਹੀ ਤਾਂ ਹਨ। ਇਹਨਾਂ ਨੂੰ ਪਹਿਲਾਂ ਵੀ ਸਾਰੇ ਬਹੁਤ ਖੁਸ਼ੀ ਖ਼ੁਸ਼ੀ ਖਾਂਦੇ ਸਨ ਤੇ ਰੋਜ਼ਾਨਾ ਖੁਰਾਕ ਦਾ ਹਿੱਸਾ ਹੁੰਦੇ ਸਨ। ਉਦੋਂ ਇਹਨਾਂ ਨੂੰ ਖਾਣ ਪਿੱਛੇ ਬਹੁਤ ਮਿਹਨਤ ਕਰਨੀ ਪੈਂਦੀ ਸੀ। ਪਹਿਲਾਂ ਛੱਲੀਆਂ ਨੂੰ ਧੁੱਪੇ ਸੁਕਾਇਆ ਜਾਂਦਾ ਸੀ ਫਿਰ ਦਾਣਿਆਂ ਨੂੰ ਗੁੱਲਾਂ ਤੋਂ ਲਾਹਿਆ ਜਾਂਦਾ ਸੀ। ਦਾਣੇ ਲਾਹ ਕੇ ਜਦ ਮਾਵਾਂ ਬੱਚਿਆਂ ਨੂੰ ਦਸੂਤੀ ਦੀ ਕਢਾਈ ਕੀਤੇ ਝੋਲ਼ੇ ਵਿੱਚ ਜਾਂ ਫਿਰ ਖੱਦਰ ਦੇ ਪੋਣੇ ਵਿੱਚ ਬੰਨ੍ਹ ਕੇ ਭੱਠੀ ਤੇ ਭੁੰਨਾਉਣ ਲਈ ਭੇਜਦੀਆਂ ਸਨ ਤਾਂ ਉਨ੍ਹਾਂ ਬੱਚਿਆਂ ਦੇ ਆਉਣ ਦਾ ਵੀ ਸਾਰੇ ਟੱਬਰ ਵੱਲੋਂ ਬੇਸਬਰੀ ਨਾਲ ਇੰਤਜ਼ਾਰ ਕੀਤਾ ਜਾਂਦਾ ਸੀ । ਜਦ ਗਰਮ ਗਰਮ ਮੱਕੀ ਦੇ ਭੁੱਜੇ ਹੋਏ ਦਾਣੇ ਘਰ ਆ ਜਾਂਦੇ ਸਨ ਤਾਂ ਸਾਰੇ ਪਰਿਵਾਰ ਦੇ ਜੀਅ ਸ਼ਾਮ ਨੂੰ ਰਲ਼ ਮਿਲ਼ ਕੇ ਬੈਠਦੇ ਤੇ ਗੁੜ ਦੀ ਰੋੜੀ ਦੇ ਨਾਲ ਦਾਣਿਆਂ ਦਾ ਸਵਾਦ ਚੱਖਦੇ। ਇਹ ਨਿਰੇ ਮੱਕੀ ਦੇ ਭੁੱਜੇ ਦਾਣੇ ਖਾਣ ਦਾ ਸਵਾਦ ਲੈਣ ਦਾ ਹੀ ਸਮਾਂ ਨਹੀਂ ਹੁੰਦਾ ਸੀ ਸਗੋਂ ਇਸ ਦੇ ਕਈ ਹੋਰ ਫਾਇਦੇ ਵੀ ਹੁੰਦੇ ਸਨ। ਸਾਰੇ ਪਰਿਵਾਰ ਦਾ ਸਾਰੇ ਦਿਨ ਭਰ ਦੇ ਕੰਮਾਂ ਤੋਂ ਥਕਾਵਟ ਉਤਾਰਦੇ ਹੋਏ ਆਪਣੇ ਪਰਿਵਾਰ ਦੇ ਜੀਆਂ ਵਿੱਚ ਆਪਸੀ ਪਿਆਰ ਵਧਾਉਣ ਅਤੇ ਘਰੇਲੂ ਗੱਲਾਂ ਬਾਤਾਂ ਰਾਹੀਂ ਪਰਿਵਾਰਿਕ



ਸਾਂਝ ਵਧਾਉਣ ਦਾ ਵੀ ਜ਼ਰੀਆ ਹੁੰਦਾ ਸੀ। ਸਿਹਤ ਪੱਖੋਂ ਵੀ ਮੱਕੀ ਦੇ ਭੁੱਜੇ ਦਾਣੇ ਤੇ ਗੁੜ ਜਿੱਥੇ ਇੱਕ ਪੌਸ਼ਟਿਕ ਆਹਾਰ ਹੁੰਦਾ ਸੀ ਉੱਥੇ ਹੀ ਦੰਦਾਂ ਨੂੰ ਮਜ਼ਬੂਤ ਕਰਨ ਲਈ ਇੱਕ ਵਧੀਆ ਕਸਰਤ ਵੀ ਹੁੰਦੀ ਸੀ।

ਜੇ ਆਪਾਂ ਮੱਕੀ ਦੇ ਦਾਣੇ ਭੁੰਨਣ ਦੇ ਇਤਿਹਾਸ ਤੇ ਨਜ਼ਰ ਮਾਰੀਏ ਤਾਂ ਮੁੱਢ ਕਦੀਮ ਤੋਂ ਪੰਜਾਬ ਵਿੱਚ ਪਿੰਡ ਦੀ ਭੱਠੀ 'ਤੇ ਦਾਣੇ ਭੁੰਨਣ ਦਾ ਕੰਮ ਆਮ ਤੌਰ ਤੇ ਇੱਕ ਖ਼ਾਸ ਬਰਾਦਰੀ ਮਹਿਰਾ ਬਰਾਦਰੀ ਦੀਆਂ ਬਜ਼ੁਰਗ ਔਰਤਾਂ ਦੁਆਰਾ ਹੀ ਕੀਤਾ ਜਾਂਦਾ ਸੀ। ਦਾਣੇ ਭੁੰਨਣ ਵਾਲੀ ਔਰਤ ਨੂੰ 'ਭੱਠੀ ਵਾਲੀ' ਜਾਂ 'ਭਠਿਆਰਨ' ਕਿਹਾ ਜਾਂਦਾ ਹੈ । ਭੱਠੀ ਇੱਕ ਵਿਸ਼ੇਸ਼ ਅਕਾਰ ਦੇ ਵੱਡੇ ਸਾਰੇ ਚੁੱਲ੍ਹੇ ਨੂੰ ਕਿਹਾ ਜਾਂਦਾ ਹੈ ਜਿਸ ਵਿੱਚ ਭੱਠੀ ਵਾਲ਼ੀ ਵੱਲੋਂ ਇੱਕ ਪਾਸੇ ਅੱਗ ਬਾਲਣ ਲਈ ਝੋਕਾ ਲਾਇਆ ਜਾਂਦਾ ਸੀ ਤੇ ਉਸ ਦੇ ਥੋੜ੍ਹੇ ਵਕਫੇ ਤੇ ਜਿੱਥੇ ਅੱਗ ਦੀਆਂ ਲਪਟਾਂ ਨਿਕਲਦੀਆਂ ਸਨ ਉਸ ਚੁੱਲ੍ਹੇ ਉੱਤੇ ਵੱਡੀ ਸਾਰੀ ਕੜਾਹੀ ਵਿੱਚ ਰੇਤਾ ਪਾ ਕੇ ਰੱਖ ਦਿੰਦੀ ਸੀ। ਉਸਨੂੰ ਪੂਰਾ ਗਰਮ ਕਰਕੇ ਵਿੱਚ ਦਾਣੇ ਪਾ ਕੇ ਪੱਠੇ ਵੱਢਣ ਵਾਲੀ ਦਾਤੀ ਨਾਲ ਲਗਾਤਾਰ ਉਹ ਹਿਲਾਉਂਦੀ ਰਹਿੰਦੀ । ਦਾਣੇ ਭੁੰਨੇ ਜਾਣ 'ਤੇ ਇੱਕ ਵੱਡੀ ਛਾਨਣੀ ਨਾਲ ਰੇਤੇ ਵਿੱਚੋਂ ਦਾਣੇ ਕੱਢ ਲੈਂਦੀ ਸੀ। ਉਸ ਨੂੰ ਪਰਾਗਾ ਕਿਹਾ ਜਾਂਦਾ ਸੀ । ਦਾਣੇ ਭੁੰਨਣ ਵਾਲੀ ਭੱਠੀ ਪਿੰਡਾਂ ਵਿੱਚ ਆਥਣ ਵੇਲੇ ਹੀ ਤਪਾਈ ਜਾਂਦੀ ਸੀ। ਪੁਰਾਤਨ ਸਮਿਆਂ ਵਿੱਚ ਸ਼ਹਿਰਾਂ ਵਿੱਚ ਵੀ ਕਿਤੇ ਕਿਤੇ ਗਲ਼ੀ ਮੁਹੱਲਿਆਂ ਦੀਆਂ ਨੁੱਕਰਾਂ ਤੇ ਭੱਠੀ ਤਪਾਈ ਜਾਂਦੀ ਸੀ। ਦਾਣੇ ਭੁੰਨਾਉਣ ਲਈ ਛੋਟੇ ਛੋਟੇ ਬੱਚੇ ਭੱਠੀ ਤੋਂ ਦਾਣੇ ਭੁੰਨਾਉਣ ਜਾਂਦੇ ਹੁੰਦੇ ਸਨ। ਉਸ ਵੇਲੇ ਭੱਠੀ ਉੱਤੇ ਪੂਰੀਆਂ ਰੌਣਕਾਂ ਲੱਗ ਜਾਂਦੀਆਂ ਸਨ। ਹਰ ਕੋਈ ਆਪਣੀ ਵਾਰੀ ਦੀ ਉਡੀਕ ਵਿੱਚ ਹੁੰਦਾ ਸੀ । ਭੱਠੀ ਵਾਲੀ ਦਾਣੇ ਭੁੰਨਣ ਦੇ ਮਿਹਨਤਾਨੇ ਵਜੋਂ ਕੁਝ ਦਾਣੇ ਕੱਢਕੇ ਆਪਣੇ ਰੱਖੇ ਬਰਤਨ ਜਾਂ ਝੋਲ਼ੇ ਵਿੱਚ ਪਾ ਲੈਂਦੀ ਸੀ। ਇਹਨਾਂ ਦਾਣਿਆਂ ਨੂੰ 'ਚੁੰਗ' ਕਿਹਾ ਜਾਂਦਾ ਸੀ । ਭੱਠੀ ਵਾਲੀ ਦਾਣੇ ਭੁੰਨਾਉਣ ਵਾਲਿਆਂ ਦੇ ਬੈਠਣ ਲਈ ਬੋਰੀਆਂ ਜਾਂ ਪੱਲੀਆਂ ਵਿਛਾ ਦਿੰਦੀ ਸੀ। ਸਿਆਲ ਦੀ ਰੁੱਤ ਵਿੱਚ ਭੱਠੀ ਉੱਤੇ ਬੁਹਤ ਰੌਣਕਾਂ ਲੱਗਦੀਆਂ ਸਨ। ਭੱਠੀ ਵਾਲੀ ਕੋਲ਼ ਬੈਠੇ ਛੋਟੇ ਛੋਟੇ ਬੱਚਿਆਂ ਨੂੰ ਕਈ ਵਾਰੀ ਰੂੰਗਾ ਵੀ ਦੇ ਦਿੰਦੀ ਸੀ ਜਿਸ ਨੂੰ ਲੈ ਕੇ ਬੱਚੇ ਖੁਸ਼ ਹੋ ਜਾਂਦੇ ਸਨ । ਭੱਠੀ ਤੋਂ ਭੁੰਨਾਏ ਦਾਣਿਆਂ ਵਿੱਚ ਜੋ ਸੁਆਦ ਹੁੰਦਾ ਸੀ ਉਹ ਅਜੋਕੇ ਮਸ਼ੀਨੀ ਯੁੱਗ ਵਿੱਚ 'ਪੌਪ ਕੌਰਨ' ਵਾਲੀਆਂ ਮਸ਼ੀਨਾਂ ਵਿੱਚ ਭੁੰਨੇ ਦਾਣਿਆਂ ਵਿੱਚ ਕਿੱਥੇ ਆਉਂਦਾ ਹੈ। ਜ਼ਮਾਨੇ ਨੇ ਐਨੀ ਤੇਜ਼ੀ ਨਾਲ ਬਦਲਾਅ ਦੀ ਰਫ਼ਤਾਰ ਫੜੀ ਕਿ ਪਤਾ ਹੀ ਨਹੀਂ ਲੱਗਿਆ ਕਦ ਮੱਕੀ ਦੇ ਭੁੱਜੇ ਦਾਣਿਆਂ ਨੇ ਪੌਪ ਕੌਰਨ ਵਾਲ਼ਾ ਪਹਿਰਾਵਾ ਪਹਿਨ ਲਿਆ। ਸਾਡੇ ਵਿਰਸੇ ਦੀਆਂ ਭੱਠੀਆਂ ਅਤੇ ਭੱਠੀਆਂ ਵਾਲ਼ੀਆਂ ਵਾਲਾ ਬਹੁਮੁੱਲਾ ਖ਼ਜ਼ਾਨਾ ਭਾਵੇਂ ਅਲੋਪ ਹੋ ਗਿਆ ਹੈ ਪਰ ਇਹ ਸਾਡੀਆਂ ਯਾਦਾਂ ਵਿੱਚ ਹਮੇਸ਼ਾਂ ਜਿਊਂਦਾ ਰਹੇਗਾ।



ਬਰਜਿੰਦਰ ਕੌਰ ਬਿਸਰਾਓ
9988901324

## ਪ੍ਰੋਗਰਾਮ ਸ਼ਬਦ ਲੋਕ ਰਾਹੀਂ ਦਰਸ਼ਕਾਂ ਦੇ ਰੂਬਰੂ ਹੋਣਗੇ ਬਿਸਰਾਓ

ਡੀ ਡੀ ਪੰਜਾਬੀ ਤੇ ਪ੍ਰਸਾਰਿਤ ਕੀਤੇ ਜਾਣ ਵਾਲੇ ਸਾਹਿਤਕ ਪ੍ਰੋਗਰਾਮ "ਸ਼ਬਦ ਲੋਕ" ਵਿੱਚ ਉੱਘੇ ਲੇਖਕਾ ਬਰਜਿੰਦਰ ਕੌਰ ਬਿਸਰਾਓ ਦਰਸ਼ਕਾਂ ਦੇ ਰੂਬਰੂ ਹੋਣਗੇ। ਇਸ ਪ੍ਰੋਗਰਾਮ ਦੇ ਪ੍ਰੋਡਿਊਸਰ ਸ੍ਰੀ ਪੰਕਜ ਜੀ ਹਨ ਤੇ ਐਂਕਰ ਸ੍ਰੀ ਮਤੀ ਰੀਨਾ ਸੁਮਨ ਹੋਣਗੇ। ਇਹ ਪ੍ਰੋਗਰਾਮ 18 ਮਾਰਚ ਦਿਨ ਬੁੱਧਵਾਰ ਨੂੰ ਸ਼ਾਮ 3:30 ਵਜੇ ਜਲੰਧਰ ਦੂਰਦਰਸ਼ਨ ਤੇ ਪੇਸ਼ ਕੀਤਾ ਜਾਵੇਗਾ। ਇਸ ਪ੍ਰੋਗਰਾਮ ਰਾਹੀਂ ਦੂਰਦਰਸ਼ਨ ਵੱਲੋਂ ਸਾਹਿਤਕ ਸ਼ਖ਼ਸੀਅਤਾਂ ਅਤੇ ਉਹਨਾਂ ਦੀ ਸਾਹਿਤ ਨੂੰ ਦੇਣ ਬਾਰੇ ਖੁੱਲ੍ਹ ਕੇ ਗੱਲ ਬਾਤ ਕੀਤੀ ਜਾਂਦੀ ਹੈ।






joo
Just Order Online
WANT TO SAVE £1000'S IN YOUR RESTAURANT?
TABLET ORDERING SYSTEM
KITCHEN DISPLAY & KITCHEN PRINTERS
ONLINE ORDERING & TABLE BOOKING
INTEGRATED CARD MACHINES
JOO AI – ADVANCED BUSINESS INTELLIGENCE
POS,PRINTER, WEBSITE, ORDER BOOKING SYSTEM FROM
STARTING FROM
WAS £999
NOW ONLY
£249
Contact Us
+44-7846-588928
OFFER ENDS
28 FEB 2026
justorderonline.co.uk
info@justorderonline.co.uk
T&Cs apply - 2 year contract. Subject to availability

# ਬਹਿਰਾਮ ਰੈਲੀ ਦੀ ਇਤਿਹਾਸਕ ਸਫਲਤਾ ਨੇ ਪੰਜਾਬ ਦੀ ਰਾਜਨੀਤੀ ਵਿੱਚ ਨਵਾਂ ਮੋੜ ਲਿਆਂਦਾ: ਡਾਕਟਰ ਅਵਤਾਰ ਸਿੰਘ ਕਰੀਮਪੁਰੀ

- **ਡਾਕਟਰ ਕਰੀਮਪੁਰੀ ਵੱਲੋਂ ਰੈਲੀ ਵਿੱਚ ਪਹੁੰਚੇ ਵਿਸ਼ਾਲ ਜਨ ਸਮੂਹ, ਪੰਜਾਬੀਆਂ, ਪਾਰਟੀ ਵਰਕਰਾਂ ਅਤੇ ਆਗੂਆਂ ਦਾ ਤਹਿ ਦਿਲੋਂ ਧੰਨਵਾਦ**
- **ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ 'ਤੇ ਜਨਤਾ ਨੇ 'ਸੱਤਾ ਪ੍ਰਾਪਤੀ' ਦੇ ਸੰਕਲਪ 'ਤੇ ਮੋਹਰ ਲਾਈ**

**ਬਹਿਰਾਮ/ਪੰਜਾਬ (16 ਮਾਰਚ, 2026)(: ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਕੱਲ੍ਹ 15 ਮਾਰਚ ਨੂੰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਮੌਕੇ ਬਹਿਰਾਮ ਦੀ ਦਾਣਾ ਮੰਡੀ ਵਿੱਚ ਹੋਈ 'ਸੱਤਾ ਪ੍ਰਾਪਤ ਕਰੋ ਰੈਲੀ' ਦੀ ਬੇਮਿ-ਸਾਲ ਸਫਲਤਾ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸਮੁੱਚੇ ਪੰਜਾਬੀਆਂ ਅਤੇ ਪਾਰਟੀ ਕੇਡਰ ਦਾ ਧੰਨਵਾਦ ਕੀਤਾ ਹੈ। ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਡਾਕਟਰ ਕਰੀਮਪੁਰੀ ਨੇ ਕਿਹਾ ਕਿ ਬਹਿਰਾਮ ਦੀ ਧਰਤੀ 'ਤੇ ਜੁੜੇ ਹਜ਼ਾਰਾਂ ਦੇ ਇਕੱਠ ਨੇ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੀ ਜਨਤਾ ਮੌਜੂਦਾ ਸਿਆਸੀ ਨਿਜ਼ਾਮ ਤੋਂ ਅੱਕ ਚੁੱਕੀ ਹੈ ਅਤੇ ਹੁਣ ਬਹੁਜਨ ਸਮਾਜ ਪਾਰਟੀ ਨੂੰ ਇੱਕ ਮਜ਼ਬੂਤ ਬਦਲ ਵਜੋਂ ਦੇਖ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਰੈਲੀ ਸਿਰਫ਼ ਇੱਕ ਇਕੱਠ ਨਹੀਂ ਸੀ, ਸਗੋਂ ਪੰਜਾਬ ਦੇ ਉਜਵਲ ਭਵਿੱਖ ਅਤੇ 'ਬਹੁਜਨ ਰਾਜ' ਦੀ ਸਥਾਪਨਾ ਵੱਲ ਇੱਕ ਵੱਡਾ ਕਦਮ ਸੀ।

ਵਰਕਰਾਂ ਅਤੇ ਆਗੂਆਂ ਦੀ ਮਿਹਨਤ ਨੂੰ ਸਲਾਮ: ਡਾਕਟਰ ਕਰੀਮਪੁਰੀ ਨੇ ਦਿਨ-ਰਾਤ ਮਿਹਨਤ ਕਰਨ ਵਾਲੇ ਬਸਪਾ ਵਰਕਰਾਂ, ਪਿੰਡ ਪੱਧਰੀ ਕਮੇਟੀਆਂ ਅਤੇ ਜ਼ਿਲ੍ਹਾ ਲੀਡਰਸ਼ਿਪ ਦੀ ਸ਼ਲਾਘਾ ਕਰਦਿਆਂ ਕਿਹਾ, "ਸਾਡੇ ਵਰਕਰ ਹੀ ਪਾਰਟੀ ਦੀ ਅਸਲੀ ਤਾਕਤ ਹਨ। ਤੁਹਾਡੀ ਨਿਰਸਵਾਰਥ ਸੇਵਾ ਅਤੇ ਮਿਹਨਤ ਸਦਕਾ ਹੀ ਅਸੀਂ ਪੰਜਾਬ ਦੇ ਕੋਨੇ-ਕੋਨੇ ਤੱਕ ਸ੍ਰੀ ਕਾਂਸ਼ੀ ਰਾਮ ਜੀ ਦਾ ਸੁਨੇਹਾ ਪਹੁੰਚਾਉਣ ਵਿੱਚ ਸਫਲ ਹੋਏ ਹਾਂ।"

ਪੰਜਾਬੀਆਂ ਦਾ ਧੰਨਵਾਦ: ਉਨ੍ਹਾਂ ਵਿਸ਼ੇਸ਼ ਤੌਰ 'ਤੇ ਦੂਰ-ਦੁਰਾਡੇ ਤੋਂ ਪਹੁੰਚੇ ਬਜ਼ੁਰਗਾਂ, ਮਾਤਾਵਾਂ ਅਤੇ ਨੌਜਵਾਨਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਅਨੁਸ਼ਾਸਨ ਵਿੱਚ ਰਹਿ ਕੇ ਇਸ ਰੈਲੀ ਨੂੰ






ਇਤਿਹਾਸਕ ਬਣਾਇਆ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦਾ ਵਧਦਾ ਉਤਸ਼ਾਹ ਇਹ ਦਰਸਾਉਂਦਾ ਹੈ ਕਿ ਪੰਜਾਬ ਦੀ ਜਵਾਨੀ ਹੁਣ ਆਪਣੇ ਹੱਕਾਂ ਲਈ ਜਾਗਰੂਕ ਹੋ ਚੁੱਕੀ ਹੈ।

**ਅਗਲਾ ਨਿਸ਼ਾਨਾ:** ਡਾਕਟਰ ਕਰੀਮਪੁਰੀ ਨੇ ਕਿਹਾ ਕਿ 'ਪੰਜਾਬ ਸੰਭਾਲੋ ਮੁਹਿੰਮ' ਤਹਿਤ ਇਹ ਸਿਲਸਿਲਾ ਰੁਕੇਗਾ ਨਹੀਂ। ਉਨ੍ਹਾਂ ਸਮੂਹ ਆਗੂਆਂ ਅਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਇਸੇ ਉਤਸ਼ਾਹ ਨੂੰ ਬਰਕਰਾਰ ਰੱਖਦੇ ਹੋਏ ਪਿੰਡਾਂ ਅਤੇ ਸ਼ਹਿਰਾਂ ਦੇ ਮਹੱਲਿਆਂ ਵਿੱਚ ਜਾ ਕੇ ਲੋਕਾਂ ਨੂੰ ਪਾਰਟੀ ਦੀ ਵਿਚਾਰਧਾਰਾ ਨਾਲ ਜੋੜਨ ਤਾਂ ਜੋ 2027 ਵਿੱਚ ਪੰਜਾਬ ਦੀ ਸੱਤਾ ਬਹੁਜਨ ਸਮਾਜ ਦੇ ਹੱਥਾਂ ਵਿੱਚ ਹੋਵੇ।

ਅਖੀਰ ਵਿੱਚ, ਉਨ੍ਹਾਂ ਮੀਡੀਆ ਭਾਈਚਾਰੇ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਰੈਲੀ ਦੀ ਕਵਰੇਜ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਭਰੋਮਜਾਰਾ ਵਿਖੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਨ ਮਨਾਇਆ ਗਿਆ

"ਕਾਂਸ਼ੀ ਰਾਮ ਤੇਰੀ ਸੋਚ ਤੇ" ਦੇ ਲੱਗੇ ਜੈਕਾਰੇ

ਬੰਗਾ (ਚਰਨਜੀਤ ਸੱਲ੍ਹਾਂ):- ਬੰਗਾ ਵਿਧਾਨ ਸਭਾ ਦੇ ਅਧੀਨ ਆਉਂਦੇ ਪਿੰਡ ਭਰੋਮਜਾਰਾ ਵਿੱਚ ਸਰਪੰਚ ਸੁਰਿੰਦਰ ਪਾਲ ਸੁੰਡਾ ਦੀ ਯੋਗ ਅਗਵਾਈ ਹੇਠ ਸਾਹਿਬ ਸ਼੍ਰੀ ਕਾਂਸ਼ੀ ਰਾਮ ਲਾਇਬ੍ਰੇਰੀ ਵਿਖੇ ਬਾਮਸੇਫ, ਡੀਐਸਫੋਰ ਅਤੇ ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਇਸ ਮੌਕੇ ਸਰਪੰਚ ਸੁਰਿੰਦਰ ਪਾਲ ਸੁੰਡਾ ਨੇ ਕਿਹਾ ਕਿ ਸਾਹਿਬ ਨੇ ਦਲਿਤ, ਗਰੀਬ ਅਤੇ ਮਜ਼ਦੂਰ ਸਮਾਜ ਲਈ ਜ਼ਿੰਦਗੀ ਭਰ ਸੰਘਰਸ਼ ਕੀਤਾ। ਅੱਜ ਸਾਨੂੰ ਉਨ੍ਹਾਂ ਦੇ ਪੱਦ ਚਿੰਨ੍ਹਾਂ ਤੇ ਚੱਲਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਬਣਾਈ ਗਈ ਬਸਪਾ ਪਾਰਟੀ ਦਾ ਡੱਟ ਕੇ ਸਾਥ ਦੇਣ ਲਈ ਸਾਨੂੰ ਵਚਨਬੱਧ ਅਤੇ ਸੰਗਠਿਤ ਹੋਣ ਲਈ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਜਿੰਨੀਆਂ ਵੀ ਸਰਕਾਰਾਂ ਆਈਆਂ ਉਨ੍ਹਾਂ ਨੇ ਸਾਡੇ ਸਮਾਜ ਦਾ ਕੁਝ ਵੀ ਨਹੀਂ ਸੁਧਾਰਿਆ। ਇਸ ਮੌਕੇ "ਸਾਹਿਬ ਕਾਂਸ਼ੀ ਰਾਮ ਤੇਰੀ ਸੋਚ ਤੇ ਪਹਿਰਾ ਦਿਆਂਗੇ ਠੋਕ ਕੇ" ਦੇ ਜੈਕਾਰੇ ਛੱਡੇ ਗਏ ਅਤੇ ਮਹੌਲ ਵਿੱਚ ਜੋਸ਼ ਭਰ ਗਿਆ। ਇਸ ਮੌਕੇ ਸੋਮ ਨਾਥ ਸਿੰਘ, ਮੇਜਰ ਸਿੰਘ ਬੀਸਲਾ ਜ਼ਿਲ੍ਹਾ ਪ੍ਰਧਾਨ ਅਜਾਦ ਸਮਾਜ ਪਾਰਟੀ, ਮੱਖਣ ਸਿੰਘ ਚੌਹਾਨ ਸੀਨੀਅਰ ਬਸਪਾ ਆਗੂ, ਸੁਰਜੀਤ ਸਿੰਘ ਕਰੀਮਪੁਰੀ, ਮੋਹਿਤ ਸੁੰਡਾ, ਲਵਪ੍ਰੀਤ ਸੁੰਡਾ, ਸਤੀਸ਼ ਕੁਮਾਰ ਬੱਲੀ, ਕੁਲਵਿੰਦਰ ਸੋਨੂੰ ਅਤੇ ਬਸਪਾ ਦੀਆਂ ਮਹਿਲਾ ਵਰਕਰਾਂ ਵੀ ਹਾਜਰ ਸਨ।

# ਗਰੀਬੀ ਦਾ ਲੋਕਤੰਤਰ ਵੋਟ ਬੈਂਕ ਜਾਂ .ਗਰੀਬ ਇਨਸਾਨਾਂ ਦੀ ਜ਼ਿੰਦਗੀ ਖਿਲਵਾੜ?

ਭਾਰਤ ਨੂੰ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਕਿਹਾ ਜਾਂਦਾ ਹੈ । ਹਰ ਪੰਜ ਸਾਲ ਬਾਅਦ ਚੋਣਾਂ ਦਾ ਮੇਲਾ ਲੱਗਦਾ ਹੈ , ਵਾਅਦਿਆਂ ਦੀ ਬਾਰਿਸ਼ ਹੁੰਦੀ ਹੈ ਅਤੇ ਗਰੀਬਾਂ ਦੇ ਨਾਂ ਤੇ ਰਾਜਨੀਤੀ ਦੀਆਂ ਵੱਡੀਆਂ ਕਹਾਣੀਆਂ ਲਿਖੀਆਂ ਜਾਂਦੀਆਂ ਹਨ । ਮੰਚਾਂ ਤੋਂ ਗਰੀਬਾਂ ਲਈ ਹੰਝੂ ਵੀ ਵਗਾਏ ਜਾਂਦੇ ਹਨ ਅਤੇ ਵੱਡੇ ਵਾਅਦੇ ਵੀ ਕੀਤੇ ਜਾਂਦੇ ਹੈ । ਪਰ ਚੋਣਾਂ ਮੁੱਕਦੀਆਂ ਹੀ ਇਹ ਸਾਰੇ ਵਾਅਦੇ ਅਕਸਰ ਹਵਾ ਵਿੱਚ ਗੁੰਮ ਹੋ ਜਾਂਦੇ ਹਨ । ਗਰੀਬ ਆਦਮੀ ਫਿਰ ਉਹੀ ਪੁਰਾਣੀ ਜ਼ਿੰਦਗੀ ਨਾਲ ਲੜਦਾ ਰਹਿੰਦਾ ਹੈ । ਦਿਹਾੜੀ ਦੀ ਚਿੰਤਾ, ਘਰ ਦੀ ਲੋੜ ਅਤੇ ਬੱਚਿਆਂ ਦੀ ਪੜ੍ਹਾਈ ਦੀ ਜ਼ਿੰਮੇਵਾਰੀ।

ਭਾਰਤ ਦੀ ਸਿਆਸਤ ਦੀ ਸਭ ਤੋਂ ਵੱਡੀ ਵਿਡੰਬਨਾ ਇਹ ਹੈ ਕਿ ਇੱਥੇ ਗਰੀਬੀ ਨੂੰ ਖਤਮ ਕਰਨ ਨਾਲੋਂ ਵੱਧ ਉਸਨੂੰ ਚੋਣੀ ਮੁੱਦੇ ਵਜੋਂ ਜ਼ਿੰਦਾ ਰੱਖਣ ਵਿੱਚ ਦਿਲਚਸਪੀ ਦਿਖਾਈ ਦਿੰਦੀ ਹੈ। ਕਿਉਂਕਿ ਜਿੰਨਾ ਵੱਡਾ ਗਰੀਬ ਵਰਗ ਹੋਵੇਗਾ, ਉਨਾ ਹੀ ਵੱਡਾ ਵੋਟ ਬੈਂਕ ਤਿਆਰ ਰਹੇਗਾ ।

ਗਰੀਬੀ ਦੇ ਅੰਕੜੇ ਤਰੱਕੀ ਅਤੇ ਸੱਚਾਈ ਦੇਸ਼ ਦੀਆਂ ਵੱਖ-ਵੱਖ ਰਿਪੋਰਟਾਂ ਦੱਸਦੀਆਂ ਹਨ ਕਿ ਗਰੀਬੀ ਘਟੀ ਤਾਂ ਹੈ, ਪਰ ਅਜੇ ਵੀ ਇੱਕ ਵੱਡੀ ਹਕੀਕਤ ਹੈ । ਨੀਤੀ ਆਯੋਗ ਦੀ ਮਲਟੀਡਾਇਮੇਂਸ਼ਨਲ ਪਾਵਰਟੀ ਇੰਡੈਕਸ ਰਿਪੋਰਟ ਅਨੁਸਾਰ 2013-14 ਵਿੱਚ ਭਾਰਤ ਵਿੱਚ ਗਰੀਬੀ ਦੀ ਦਰ ਲਗਭਗ 29 ਫੀਸਦੀ ਸੀ । 2022-23 ਵਿੱਚ ਇਹ ਘਟ ਕੇ ਕਰੀਬ 11 ਫੀਸਦੀ ਰਹਿ ਗਈ ਇਸ ਦੌਰਾਨ ਲਗਭਗ 24.8 ਕਰੋੜ ਲੋਕ ਗਰੀਬੀ ਤੋਂ ਬਾਹਰ ਆਏ । ਇਹ ਅੰਕੜੇ ਤਰੱਕੀ ਦੀ ਗੱਲ ਕਰਦੇ ਹਨ ਪਰ ਦੂਜੀ ਪਾਸੇ ਹਕੀਕਤ ਇਹ ਵੀ ਹੈ ਕਿ ਅਜੇ ਵੀ ਦੇਸ਼ ਵਿੱਚ 20-23 ਕਰੋੜ ਲੋਕ ਬਹੁ ਮੰਤਵੀ ਗਰੀਬੀ ਵਿੱਚ ਜੀ ਰਹੇ ਹਨ । ਸਭ ਤੋਂ ਵੱਡੀ ਗੱਲ ਇਹ ਹੈ ਕਿ ਭਾਰਤ ਵਿੱਚ ਲਗਭਗ 80 ਕਰੋੜ ਲੋਕ ਸਰਕਾਰੀ ਮੁਫ਼ਤ ਰਾਸ਼ਨ ਯੋਜਨਾ ਤੇ ਨਿਰਭਰ ਹਨ । ਇਹ ਅੰਕੜਾ ਆਪਣੇ ਆਪ ਵਿੱਚ ਇੱਕ ਵੱਡਾ ਸਵਾਲ ਹੈ।

ਜ਼ਮੀਨੀ ਹਕੀਕਤ ਇਹ ਹੈ ਕਿ ਗਰੀਬ ਦੀ ਰੋਜ਼ਾਨਾ ਦੀ ਲੜਾਈ ਕਾਗਜ਼ਾਂ ਦੇ ਅੰਕੜਿਆਂ ਤੋਂ ਬਾਹਰ ਆ ਕੇ ਜੇ ਜ਼ਮੀਨ ਦੀ ਹਕੀਕਤ ਵੇਖੀਏ ਤਾਂ ਗਰੀਬ ਦੀ ਜ਼ਿੰਦਗੀ ਅਜੇ ਵੀ ਸੰਘਰਸ਼ ਨਾਲ ਭਰੀ ਹੈ । ਪਿੰਡਾਂ ਵਿੱਚ ਕਈ ਪਰਿਵਾਰ ਅਜੇ ਵੀ ਕੱਚੇ ਘਰਾਂ ਵਿੱਚ ਰਹਿੰਦੇ ਹਨ । ਮੀਂਹ ਪਏ ਤਾਂ ਛੱਤ ਟਪਕਦੀ ਹੈ, ਗਰਮੀ ਪਏ ਤਾਂ ਘਰ ਤਪ ਜਾਂਦਾ ਹੈ । ਕਈ ਬੱਚਿਆਂ ਦੀ ਪੜ੍ਹਾਈ ਘਰ ਦੀ ਮਜਬੂਰੀ ਕਰਕੇ ਅਧੂਰੀ ਰਹਿ ਜਾਂਦੀ ਹੈ। ਉਹ ਛੋਟੀ ਉਮਰ ਵਿੱਚ ਹੀ ਮਜ਼ਦੂਰੀ ਕਰਨ ਲੱਗ ਪੈਂਦੇ ਹਨ । ਸ਼ਹਿਰਾਂ ਵਿੱਚ ਹਾਲਾਤ ਵੱਖਰੇ ਨਹੀਂ । ਲੱਖਾਂ ਮਜ਼ਦੂਰ ਝੁੱਗੀਆਂ ਵਿੱਚ ਰਹਿੰਦੇ ਹਨ। ਉਹ ਉੱਚੀਆਂ ਇਮਾਰਤਾਂ ਬਣਾਉਂਦੇ ਹਨ ਪਰ ਆਪਣੇ ਲਈ ਪੱਕਾ ਘਰ ਨਹੀਂ ਬਣਾ ਸਕਦੇ।

ਪਿੰਡਾਂ ਦੀ ਆਰਥਿਕ ਹਕੀਕਤ ਦੇਖੀਏ ਤਾਂ ਭਾਰਤ ਦੀ ਲਗਭਗ 65 ਫੀਸਦੀ ਆਬਾਦੀ ਪਿੰਡਾਂ ਵਿੱਚ ਰਹਿੰਦੀ ਹੈ। ਇੱਥੇ ਖੇਤੀਬਾੜੀ ਮੁੱਖ ਰੋਜ਼ਗਾਰ ਹੈ, ਪਰ ਆਮਦਨ ਅਕਸਰ ਘੱਟ ਹੁੰਦੀ ਹੈ ॥ ਛੋਟੇ ਕਿਸਾਨ ਕਰਜ਼ੇ ਅਤੇ ਮੌਸਮ ਦੇ ਭਰੋਸੇ ਜੀਊਂਦੇ ਹਨ । ਕਈ ਵਾਰ ਫਸਲ ਦੀ ਲਾਗਤ ਵੀ ਨਹੀਂ ਨਿਕਲਦੀ।

ਇਸ ਕਾਰਨ ਕਿਸਾਨੀ ਸੰਕਟ ਅਤੇ ਆਰਥਿਕ ਤਣਾਅ ਦੀਆਂ ਖ਼ਬਰਾਂ ਵਾਰ-ਵਾਰ ਸਾਹਮਣੇ ਆਉਂਦੀਆਂ ਹਨ॥

ਚੋਣਾਂ ਅਤੇ ਵਾਅਦਿਆਂ ਦੀ ਰਾਜਨੀਤੀ ਨੂੰ ਦੇਖਦੇ ਆ ਰਹੇ ਹਾਂ ਕਿ ਚੋਣਾਂ ਨੇੜੇ ਆਉਂਦਿਆਂ ਹੀ ਗਰੀਬ ਸਭ ਤੋਂ ਵੱਡਾ ਰਾਜਨੀਤਿਕ ਮੁੱਦਾ ਬਣ ਜਾਂਦਾ ਹੈ । ਫਿਰ ਐਲਾਨ ਹੁੰਦੇ ਹਨ:

ਮੁਫ਼ਤ ਰਾਸ਼ਨ ,ਮੁਫ਼ਤ ਬਿਜਲੀ,ਨਕਦ ਮਦਦ ਕਰਜ਼ਾ ਮਾਫ਼ੀ

ਇਹ ਸਕੀਮਾਂ ਕੁਝ ਹੱਦ ਤੱਕ ਰਾਹਤ ਤਾਂ ਦਿੰਦੀਆਂ ਹਨ, ਪਰ ਲੰਬੇ ਸਮੇਂ ਵਿੱਚ ਗਰੀਬੀ ਦਾ ਪੱਕਾ ਹੱਲ ਨਹੀਂ ਬਣ ਸਕਦੀਆਂ ।

ਖ਼ਾਸ ਉਧਾਰਨ ਇਹ ਹੈ ਕਿ ਭਾਰਤ ਵਿੱਚ ਗਰੀਬੀ ਕਈ ਵਾਰ ਸਮੱਸਿਆ ਘੱਟ ਅਤੇ ਸਿਆਸੀ ਸੰਪਤੀ ਵੱਧ ਲੱਗਦੀ ਹੈ । ਗਰੀਬ ਦੀ ਜ਼ਿੰਦਗੀ ਭਾਵੇਂ ਮੁਸ਼ਕਲ ਰਹੇ, ਪਰ ਉਸਦੀ ਵੋਟ ਹਮੇਸ਼ਾ ਕੀਮਤੀ ਰਹਿੰਦੀ ਹੈ । ਚੋਣਾਂ ਦੇ ਸਮੇਂ ਗਰੀਬ ਸਭ ਤੋਂ ਵੱਡਾ ਨਾਗਰਿਕ ਬਣ ਜਾਂਦਾ ਹੈ, ਬਾਕੀ ਪੰਜ ਸਾਲ ਉਹੀ ਸਭ ਤੋਂ ਕਮਜ਼ੋਰ ਰਹਿੰਦਾ ਹੈ ।

ਭਾਰਤ ਵਿੱਚ ਗਰੀਬੀ ਦੇ ਮੁੱਖ ਆਂਕੜੇ ,ਗਰੀਬੀ ਦੀ ਦਰ (2013-14) 29% , ਗਰੀਬੀ ਦੀ ਦਰ (2022-23) — ਲਗਭਗ 11% ,ਗਰੀਬੀ ਤੋਂ ਬਾਹਰ ਆਏ ਲੋਕ 24.8 ਕਰੋੜ ,ਅਜੇ ਵੀ ਗਰੀਬੀ ਵਿੱਚ ਜੀ ਰਹੇ ਲੋਕ 20-23 ਕਰੋੜ , ਮੁਫ਼ਤ ਰਾਸ਼ਨ ਲੈਣ ਵਾਲੇ ਲੋਕ — ਲਗਭਗ 80 ਕਰੋੜ,ਪਿੰਡਾਂ ਵਿੱਚ ਰਹਿੰਦੀ ਆਬਾਦੀ — ਲਗਭਗ 65%

ਮੁੱਕਦੀ ਗੱਲ ਭਾਰਤ ਦੇ ਲੋਕਤੰਤਰ ਦੀ ਸਭ ਤੋਂ ਵੱਡੀ ਤਾਕਤ ਵੀ ਗਰੀਬ ਹੈ ਅਤੇ ਸਭ ਤੋਂ ਵੱਡੀ ਵਿਡੰਬਨਾ ਵੀ ਉਹੀ ਹੈ । ਉਹ ਚੋਣਾਂ ਵਿੱਚ ਸਭ ਤੋਂ ਵੱਡਾ ਵੋਟਰ ਹੈ, ਪਰ ਆਰਥਿਕ ਤੌਰ ਤੇ ਸਭ ਤੋਂ ਕਮਜ਼ੋਰ ਨਾਗਰਿਕ ਵੀ ਉਹੀ ਹੈ । ਦੇਸ਼ ਦੀ ਤਰੱਕੀ ਦਾ ਅਸਲ ਮਾਪਦੰਡ ਇਹ ਨਹੀਂ ਕਿ ਕਿੰਨੇ ਅਰਬਪਤੀ ਬਣੇ ਹਨ , ਸਗੋਂ ਇਹ ਹੈ ਕਿ ਦੇਸ਼ ਦਾ ਸਭ ਤੋਂ ਗਰੀਬ ਇਨਸਾਨ ਕਿੰਨੀ ਇੱਜ਼ਤ ਨਾਲ ਜੀ ਸਕਦਾ ਹੈ ।



**ਪੇਸ਼ਕਸ ਪੱਤਰਕਾਰ**
**ਬਲਦੇਵ ਸਿੰਘ ਜਨੂਹਾ**
**ਨੰ 98148 24215**

# ਬੁੱਧ ਬਾਣ : ਅਕੈਡਮੀ ਦੀਆਂ ਚੋਣਾਂ ਬਾਰੇ ਬੁੱਧ ਸਿੰਘ ਨੀਲੋਂ ਦੀ ਮਹੱਤਵਪੂਰਨ ਅਤੇ ਰਹੱਸਮਈ ਟਿੱਪਣੀ

ਜਦੋਂ ਮਿੱਥ ਇਤਿਹਾਸ ਬਣੀ! ਇਹ ਸਦਾ ਨਹੀਂ ਹੁੰਦਾ, ਕਦੇ ਕਦੇ ਮਿੱਥ ਵੀ ਇਤਿਹਾਸ ਬਣ ਜਾਂਦੀ ਹੈ। ਡਿਜੀਟਲ ਯੁੱਗ ਵਿੱਚ ਅਜਿਹੀ ਘਟਨਾ ਵਾਪਰੇ, ਤਾਂ ਸਤਯੁਗ ਦੀਆਂ ਮਿਥਿਹਾਸਕ ਕਹਾਣੀਆਂ ਵੀ ਸੱਚੀਆਂ ਲੱਗਣ ਲੱਗ ਦੀਆਂ ਹਨ। ਇਸ ਤਰ੍ਹਾਂ ਹੋ ਸਕਦਾ ਹੈ। ਰਮਾਇਣ ਦੇ ਵਿੱਚ ਜਦੋਂ ਜੰਗ ਦੌਰਾਨ ਲਛਮਣ ਦੇ ਤੀਰ ਲੱਗਦਾ ਹੈ, ਉਹ ਮੂਰਛਤ ਹੋ ਜਾਂਦਾ ਹੈ। ਜਦੋਂ ਵੈਦ ਉਸਦੀ ਹਾਲਤ ਦੇਖਦਾ ਹੈ ਤਾਂ ਉਹ ਸੰਜੀਵਨੀ ਬੂਟੀ ਲੈ ਕੇ ਆਉਣ ਲਈ ਆਖਦਾ ਹੈ। ਤਾਂ ਫਿਰ ਹਨੂੰਮਾਨ ਜੀ ਹਿਮਾਲਿਆ ਪਰਬਤ ਉਪਰ ਚਲੇ ਜਾਂਦੇ ਹਨ ਉਨ੍ਹਾਂ ਨੂੰ ਸੰਜੀਵਨੀ ਬੂਟੀ ਦੀ ਪਛਾਣ ਨਹੀਂ, ਉਹ ਬਿਨਾਂ ਕਿਸੇ ਦੇਰੀ ਦੇ ਪਹਾੜ ਚੁੱਕ ਲਿਆਉਂਦਾ ਹੈ। ਉਹ ਜਦੋਂ ਜੰਗ ਦੇ ਮੈਦਾਨ ਵਿੱਚ ਉਤਾਰਿਆ ਤਾਂ ਹੈਰਾਨੀ ਹੁੰਦੀ ਹੈ। ਖ਼ੈਰ ਵੈਦ ਜੀ ਸੰਜੀਵਨੀ ਬੂਟੀ ਲੱਭ ਕੇ ਉਸਦਾ ਰਸ ਲਛਮਣ ਨੂੰ ਪਿਆ ਕਿ ਤੰਦਰੁਸਤ ਕਰ ਦੇਂਦੇ ਹਨ। ਜੰਗ ਫੇਰ ਵੀ ਹੁੰਦੀ ਹੈ। ਜੰਗ ਦੇ ਮੈਦਾਨ ਵਿੱਚ ਲੜਾਈ ਤਾਕਤ ਨਾਲ ਅਕਲ ਨਾਲ ਵੀ ਲੜੀ ਜਾਂਦੀ ਹੈ। ਹੁਣ ਈਰਾਨ ਦੀ ਜੰਗ ਵਿੱਚ ਸੰਸਾਰ ਦੇਖ ਰਿਹਾ ਹੈ ਕਿ ਈਰਾਨ ਨੇ ਦੁਨੀਆ ਦੇ ਥਾਣੇਦਾਰ ਟਰੰਪ ਦੀਆਂ ਕਿਵੇਂ ਗੋਡਣੀਆਂ ਲਵਾ ਦਿੱਤੀਆਂ ਹਨ। ਈਰਾਨ ਨੇ ਅਮਰੀਕਾ ਦੇ ਸੈਨਿਕਾਂ ਦਾ ਜਾਨੀ ਨੁਕ-ਸਾਨ ਘੱਟ ਕੀਤਾ ਪਰ ਆਰਥਿਕ ਤੌਰ ਤੇ ਅਮਰੀਕਾ ਦਾ ਵੱਡਾ ਨੁਕਸਾਨ ਕੀਤਾ ਹੈ। ਅਮਰੀਕਾ ਨੇ ਝੂਠ ਫੈਲਾਉਣ ਲਈ ਹਰ ਰੋਜ਼ ਨਵੇਂ ਨਵੇਂ ਬਿਆਨ ਜਾਰੀ ਕਰਕੇ ਲੋਕਾਂ ਨੂੰ ਦਿਖਾਉਣ ਲਈ ਈਰਾਨ ਬਾਰੇ ਬਿਆਨ ਜਾਰੀ ਕੀਤੇ। ਈਰਾਨ ਦੀ ਕੂਟਨੀਤੀ ਤੇ ਜੰਗ ਦੀ ਰਣਨੀਤੀ ਨੇ ਅਮਰੀਕਾ ਦਾ ਵੱਡਾ ਨੁਕਸਾਨ ਕੀਤਾ। ਖ਼ੈਰ ਗੱਲ ਤੇ ਹਨੂੰਮਾਨ ਜੀ ਵਲੋਂ ਪਹਾੜ ਚੁੱਕਣ ਦੀ ਸੀ। ਤੁਸੀਂ ਸਮਝ ਸਕਦੇ ਹੋ ਕਿ ਮੈਦਾਨ ਕਿਸੇ ਚੋਣ ਦਾ, ਜੰਗ ਦਾ ਮੈਦਾਨ ਹੋਵੇ ਜਾਂ ਫਿਰ ਖੇਡ ਦਾ ਮੈਦਾਨ ਹੋਵੇ। ਜਦੋਂ ਝੰਡੀ ਵਾਲੀ ਕੁਸ਼ਤੀ ਨੂੰ ਕੋਈ ਹੋਰ ਮੱਲ ਆ ਕੇ ਫ਼ੜ ਲਏ ਤਾਂ ਦਰਸ਼ਕਾਂ ਵਿੱਚ ਦਿਲਚਸਪੀ ਵਧ ਜਾਂਦੀ ਹੈ। ਮੇਲਾ ਦੇਖਣ ਆਏ ਲੋਕਾਂ ਵਿੱਚ ਦਿਲਚਸਪੀ ਦੇ ਨਾਲ ਨਾਲ ਹੈਰਾਨੀ ਵੱਧ ਜਾਂਦੀ ਹੈ। ਜਦੋਂ ਨਾਮੀਂ ਗਰਾਮੀ ਪਹਿਲਵਾਨ ਦੇ ਮੁਕਾਬਲੇ ਵਿੱਚ ਨਵਾਂ ਪਹਿਲਵਾਨ ਆ ਖੜ੍ਹੇ ਤਾਂ ਦਰਸ਼ਕ ਚੀਕਾਂ ਮਾਰਨ ਲੱਗਦੇ ਹਨ। ਕਈ ਨਵਾਂ ਪਹਿਲਵਾਨ ਆਪਣੇ ਦਾਅ ਪੇਚ ਰਾਹੀਂ ਵੱਡੇ ਪਹਿਲਵਾਨ ਦੀਆਂ ਚੀਕਾਂ ਕਢਵਾ ਦੇਂਦਾ ਹੈ। ਜਿਵੇਂ ਟਰੰਪ ਦੀਆਂ ਈਰਾਨ ਚੀਕਾਂ ਕਢਵਾ ਰਿਹਾ ਹੈ! ਗੱਲ ਕੀ ਬਣੀ ਹੋਈ ਹੈ, "ਬਾਣੀਏਂ ਨੇ ਜੱਟ ਢਾਹ ਲਿਆ, ਉਤੇ ਪਏ ਦਾ ਕਲੇਜਾ ਧੜਕੇ।"

ਜਦੋਂ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਸਿਖਿਆ ਵਿਭਾਗ ਵਿਚੋਂ ਸੇਵਾ ਮੁਕਤ ਹੋਏ ਤਾਂ ਉਨ੍ਹਾਂ ਦੇ ਚੇਲਿਆਂ ਨੇ ਆਖਿਆ ਕਿ ਇਸ ਵਾਰ ਤੁਹਾਨੂੰ ਵਿਧਾਨ ਸਭਾ ਚੋਣਾਂ ਵਿੱਚ ਖੜ੍ਹਾ ਕਰਨਾ ਹੈ। ਤੁਸੀਂ ਵੱਡੇ ਲੇਖਕ ਹੋ, ਤੁਹਾਨੂੰ ਹਰ ਵਿਅਕਤੀ ਜਾਣਦਾ ਹੈ ਕਿਉਂਕਿ ਉਹਨਾਂ ਨੇ ਤੁਹਾਨੂੰ ਕਿਤਾਬਾਂ ਵਿੱਚ ਪੜ੍ਹਿਆ ਹੋਇਆ ਹੈ। ਸੇਖੋਂ ਸਾਹਿਬ ਜੀ ਨੂੰ ਕਿਸੇ ਮਿੱਤਰ ਪਿਆਰੇ ਨੇ ਅੰਬੈਸਡਰ ਗੱਡੀ ਦਿੱਤੀ। ਸੇਖੋਂ ਸਾਹਿਬ ਦੇ ਚੇਲਿਆਂ ਨੇ ਗੱਡੀ ਉਪਰ ਲਾਊਡ ਸਪੀਕਰ ਬੰਨ੍ਹ ਲਿਆ, ਉਹ ਵਿਧਾਨ ਸਭਾ ਰਾਏਕੋਟ ਦੇ ਪਿੰਡ ਪਿੰਡ ਚੋਣ ਪ੍ਰਚਾਰ ਕਰਨ ਲੱਗੇ। ਜਿਵੇਂ ਇਸ ਵਾਰ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀਆਂ ਚੋਣਾਂ ਵਿੱਚ ਪ੍ਰਧਾਨਗੀ ਦੀ ਚੋਣ ਲੜ ਰਹੇ ਡਾ. ਸਰਬਜੀਤ ਸਿੰਘ ਦੇ ਡਿਜੀਟਲ ਪਲੇਟਫਾਰਮ ਉਤੇ ਸਵਾ ਦੋ ਕੁ ਸੌ ਵੱਡੇ ਸਾਹਿਤਕਾਰਾਂ ਨੇ ਚੋਣ ਪ੍ਰਚਾਰ ਕਰਨਾ ਸ਼ੁਰੂ ਕੀਤਾ।

ਇੱਕ ਹੀ ਇਸ਼ਤਿਹਾਰ ਨੂੰ ਵੱਡੇ ਵੱਡੇ ਲੇਖਕਾਂ ਤੇ ਵਿਦਵਾਨਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ ਇੰਸਟਾਗ੍ਰਾਮ ਅਕਾਊਂਟ ਉੱਤੇ ਪੋਸਟ ਕੀਤਾ।

ਗਲਪਕਾਰ ਕਿਰਪਾਲ ਕਜਾਕ ਦੀ ਨੇ ਤਾਂ ਪ੍ਰਵਚਨ ਵੀ ਕੀਤੇ।

ਦੂਜੇ ਪਾਸੇ ਅਮਰ ਗਰਗ ਕਲਮਦਾਨ ਨੇ ਪ੍ਰਧਾਨਗੀ ਲਈ ਕੋਈ ਅਪੀਲ ਨਹੀਂ ਕੀਤੀ, ਹਾਂ ਉਹਨਾਂ ਦੇ ਸਾਥੀਆਂ ਨੇ ਦੋ ਚਾਰ ਪੋਸਟਾਂ ਪਾਈਆਂ। ਉਧਰ ਵਿਧਾਨ ਸਭਾ ਹਲਕਾ ਰਾਏਕੋਟ ਵਿੱਚ ਸੇਖੋਂ ਸਾਹਿਬ ਪਿੰਡ ਪਿੰਡ ਜਾ ਕੇ ਆਪਣਾ ਚੋਣ ਪ੍ਰਚਾਰ ਕੀਤਾ। ਉਦੋਂ ਸਤਿਬੀਰ ਸਿੰਘ ਉਹਨਾਂ ਦਾ ਪੀਏ ਹੁੰਦਾ ਸੀ। ਸਤਿਬੀਰ ਸਿੰਘ ਪੰਜਾਬੀ ਟ੍ਰਿਬਿਊਨ ਦਾ ਲੁਧਿਆਣਾ ਤੋਂ ਪੱਤਰਕਾਰ ਸੀ। ਉਦੋਂ ਅਖ਼ਬਾਰਾਂ ਵਿੱਚ ਇਸ਼ਤਿਹਾਰ ਛਪਵਾ ਕੇ ਨਹੀਂ, ਸਗੋਂ ਪਿੰਡਾਂ ਵਿੱਚ ਇਸ਼ਤਿਹਾਰ ਵੰਡੇ ਜਾਂਦੇ ਸਨ। ਲੁਧਿਆਣੇ ਵੋਟਾਂ ਵਾਲੇ ਦਿਨ ਚੰਗੀਆਂ ਰੌਣਕਾਂ ਲੱਗੀਆਂ। ਜਿਵੇਂ ਪੰਜਾਬੀ ਭਵਨ ਲੁਧਿਆਣਾ ਵਿੱਚ ਲੱਗੀਆਂ। ਮੀਂਹ ਨੇ ਭਾਵੇਂ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ, ਪਰ ਵੋਟਰਾਂ ਨੇ ਸਵੇਰੇ ਸੱਤ ਵਜੇ ਹੀ ਪੁਜਣਾ ਸ਼ੁਰੂ ਕਰ ਦਿੱਤਾ। ਅੱਠ ਵਜੇ ਵੋਟਾਂ ਪਾਉਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ। ਕਿਣਮਿਣ ਕਣੀਆਂ ਪੈਣ ਲੱਗੀਆਂ, ਬਾਹਰ ਚੋਣ ਬੂਥ ਦੇ ਟੈਂਟ ਚੋਣ ਲੱਗੇ ਤਾਂ ਵੋਟਰ ਛੱਤ ਥੱਲੇ ਹੋ ਗਏ। ਹੌਲ਼ੀ ਹੌਲ਼ੀ ਮੌਸਮ ਬਦਲਣ ਲੱਗਿਆ। ਵੱਡੇ ਵੱਡੇ ਲੇਖਕਾਂ ਨਾਲ ਛੋਟੇ ਲੇਖਕ ਫੋਟੋਆਂ ਕਰਵਾਉਣ ਲੱਗੇ। ਸੁਖਜੀਵਨ ਪਟਿਆਲਾ, ਰਵਿੰਦਰ ਰਵੀ ਲੁਧਿਆਣਾ ਦੇ ਕੈਮਰੇ ਚੁੱਪ ਚਾਪ ਤਸਵੀਰਾਂ ਖਿੱਚਣ ਲੱਗੇ ਹੋਏ ਸਨ। ਸਭ ਨੂੰ ਚੋਣ ਨਤੀਜੇ ਦਾ ਪਤਾ ਸੀ। ਜਿੱਤਣਾ ਤਾਂ ਸਰਬਜੀਤ ਸਿੰਘ ਨੇ, ਵੋਟਰਾਂ ਵਿੱਚ ਇਹ ਧੁੜਕੂ ਵੀ ਸੀ, ਕਿਤੇ ਲੁਧਿਆਣੇ ਵਾਲਾ ਸੱਜੇ ਪੱਖੀ ਗਰੁੱਪ ਉਲ਼ਟ ਨਾ ਭੁਗਤ ਜਾਵੇ, ਇਸ ਲਈ ਖੱਬੇ ਪੱਖੀਆਂ ਨੇ ਆਪਣੀਆਂ "ਪੱਕੀਆਂ ਵੋਟਾਂ" ਘਰਾਂ ਵਿਚੋਂ ਗੱਡੀਆਂ ਵਿੱਚ ਸਵਾਰ ਕਰਕੇ ਸਵੇਰੇ ਹੀ ਲਿਆ ਕੇ ਲਾਈਨਾਂ ਵਿੱਚ ਖੜੀਆਂ ਕਰ ਦਿੱਤੀਆਂ। ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਵਲੋਂ ਚਾਹਟੇ ਤੇ ਪ੍ਰਸ਼ਾਦੇ ਦਾ ਲੰਗਰ ਲਗਾਇਆ ਹੋਇਆ ਸੀ। ਪੰਜਾਬੀ ਭਵਨ ਦੀਆਂ ਕਿਤਾਬਾਂ ਵਾਲੀਆਂ ਦੁਕਾਨਾਂ ਤੇ ਲੇਖਕ ਤੇ ਪਾਠਕ ਕਿਤਾਬਾਂ ਖਰੀਦ ਰਹੇ ਸਨ। ਕੁਝ ਬੈਠੇ ਗੱਲਾਂ ਕਰ ਰਹੇ ਸਨ।

ਰਾਏਕੋਟ ਵਿਧਾਨ ਸਭਾ ਚੋਣ ਦਾ ਨਤੀਜਾ ਆਇਆ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੂੰ ਕੁੱਲ ਤਿੰਨ ਸੌ ਪੈਂਹਠ ਵੋਟਾਂ ਮਿਲੀਆਂ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਲੁਧਿਆਣਾ ਵਿੱਚ ਪੰਜਾਬੀ ਭਵਨ ਵਿੱਚ ਮੀਟਿੰਗ ਕੀਤੀ। "ਆਪਾਂ ਚੋਣ ਕਿਉਂ ਹਾਰੇ" ਇਸ ਵਿਸ਼ੇ ਉਤੇ ਉਹਨਾਂ ਨੇ ਆਪਣੇ ਆਪਣੇ ਵਿਚਾਰ ਸਾਂਝੇ ਕਰਨ ਲਈ ਕਿਹਾ। ਹਾਜ਼ਰ ਲੇਖਕਾਂ ਨੇ ਆਪੋ ਆਪਣੀਆਂ ਦਲੀਲਾਂ ਤੇ ਤਰਕ ਦਿੱਤੇ। ਆਪਾਂ ਚੋਣ ਕਿਉਂ ਹਾਰੇ। ਸਾਰਿਆਂ ਦੇ ਵੱਖੋ ਵੱਖੋ ਤਰਕ ਸਨ। ਆਖਿਰ ਵਿੱਚ ਪ੍ਰਿੰਸੀਪਲ ਸਾਹਿਬ ਬੋਲੇ, ਉਹਨਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਆਖਿਰ ਵਿੱਚ ਉਹਨਾਂ ਕਿਹਾ, " ਮੈਨੂੰ ਇਹ ਪਤਾ ਲੱਗ ਗਿਆ ਹੈ ਕਿ ਵਿਧਾਨ ਸਭਾ ਰਾਏਕੋਟ ਵਿੱਚ ਸਿਰਫ਼ ਤਿੰਨ ਸੌ ਪੈਂਹਠ ਇਨਸਾਨ ਜਿਉਂਦੇ ਵਸਦੇ ਹਨ,ਬਾਕੀ ਸਭ ਸਿਆਸੀ ਪਾਰਟੀਆਂ ਦੀਆਂ ਕਠਪੁਤਲੀਆਂ ਹਨ।" ਸੇਖੋਂ ਸਾਹਿਬ ਠਹਾਕਾ ਮਾਰ ਕੇ ਹੱਸੇ। ਅਕਾਡਮੀ ਚੋਣਾਂ ਦਾ ਨਤੀਜਾ ਵੀ ਆਇਆ, ਅਮਰ ਗਰਗ ਕਲਮਦਾਨ ਨੂੰ ਪੈਂਤੀ ਵੋਟਾਂ ਮਿਲੀਆਂ। ਸਰਬਜੀਤ ਸਿੰਘ ਨੂੰ ਪੰਜ ਸੌ ਛੱਬੀ ਵੋਟਾਂ ਮਿਲੀਆਂ।

ਕਵੀਸ਼ਰ ਪ੍ਰੀਤ ਸਿੰਘ ਸੰਦਲ ਮੈਨੂੰ ਕਹਿੰਦਾ, "ਹਨੂੰਮਾਨ ਜੀ ਨੇ ਪਹਾੜ ਜ਼ਰੂਰ ਚੁਕਿਆ ਸੀ, ਇਸ ਦਾ ਪ੍ਰਤੱਖ ਪ੍ਰਮਾਣ ਆਪਾਂ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀਆਂ ਚੋਣਾਂ ਵਿੱਚ ਦੇਖ ਲਿਆ ਹੈ।"



ਬੁੱਧ ਸਿੰਘ ਨੀਲੋਂ
9464370823

# ਅਕੈਡਮੀ ਦੀਆਂ ਚੋਣਾਂ ਬਾਰੇ ਗੁਰਭਜਨ ਗਿੱਲ ਦੀ ਮਹੱਤਵਪੂਰਨ ਟਿੱਪਣੀ

## ਪ੍ਰਧਾਨ ਭਾਵੇਂ ਡਾ. ਸਰਬਜੀਤ ਸਿੰਘ ਬਣੇ ਪਰ ਅਮਰ ਗਰਗ ਕਲਮਦਾਨ ਦੀ ਜਿੱਤ ਨਿਵੇਕਲੀ

15 ਮਾਰਚ 2026 ਨੂੰ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੀਆਂ ਚੋਣਾਂ ਨਿੱਚ ਸਿਰਫ਼ ਪ੍ਰਧਾਨ ਦੀ ਚੋਣ ਸੀ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪ੍ਰੋਫੈਸਰ ਤੇ ਮੁਖੀ ਰਹੇ ਡਾ. ਸਰਬਜੀਤ ਸਿੰਘ (ਨਾਰੰਗਵਾਲ) ਤੇ ਧੂਰੀ ਵਾਸੀ ਸਿੱਖਿਆ ਦਾਨੀ ਅਮਰ ਗਰਗ ਕਲਮਦਾਨ ਵਿਚਕਾਰ ਮੁਕਾਬਲਾ ਜੀ। ਨਤੀਜਾ ਓਹੀ ਨਿਕਲਿਆ ਜਿਸ ਦੀ ਉਮੀਦ ਸੀ। ਸਰਬਜੀਤ ਸਿੰਘ ਦੂਜੀ ਵਾਰ ਵੱਡੇ ਫ਼ਰਕ ਨਾਲ ਚੋਣ ਜਿੱਤ ਗਏ। ਅਪਰ ਗਰਗ ਨੂੰ 35 ਮੈਂਬਰਾਂ ਨੇ ਪਸੰਦ ਕੀਤਾ ਜਦ ਕਿ ਮੇਰੇ ਸਮੇਤ ਬਾਕੀ ਸਭ ਸਰਬਜੀਤ ਦੇ ਪੱਖ ਵਿੱਚ ਭੁਗਤੇ।

ਨਤੀਜਾ ਸੁਣ ਕੇ ਬਾਹਰ ਨਿਕਲਦਿਆਂ ਬੜੇ ਪਿਆਰ ਤੇ

ਤਪਾਕ ਨਾਲ ਅਮਰ ਗਰਗ ਜੀ ਸਾਨੂੰ ਕਿਤਾਬਾਂ ਮੁਹੱਲੇ ਬੈਠਿਆਂ ਮਿਲੇ ਤੇ ਬੋਲੇ, “ਮੈਂ ਜਿੱਤ ਗਿਆ”। ਜੇ ਮੈਂ ਮੁਕਾਬਲੇ ਵਿੱਚ ਨਾ ਆਉਂਦਾ ਤਾਂ ਏਨੇ ਵੱਡੇ ਵੱਡੇ ਲੇਖਕ ਘਰੀਂ ਬੈਠੇ ਰਹਿਣੇ ਸੀ। ਏਸ ਬਹਾਨੇ ਕਿੰਨੇ ਸੱਜਣ ਨਵੇਂ ਪੁਰਾਣੇ ਏਥੇ ਮਿਲੇ ਨੇ।

ਮੈਨੂੰ ਗਰਗ ਸਾਹਿਬ ਦੀ ਗੱਲ ਸੁਣ ਕੇ ਜਨਮੇਜਾ ਸਿੰਘ ਜੌਹਲ ਦੀ ਗੱਲ ਚੇਤੇ ਆਈ, ਬਹੁਤ ਪਹਿਲਾਂ ਕਹੀ ਹੋਈ” ਜੇ ਚੋਣਾਂ ਨਾ ਹੋਣ ਦੋ ਸਾਲਾਂ ਬਾਦ ਤਾਂ ਕਈ ਵਿਦਵਾਨ/ਲੇਖਕ ਵੀਰ ਪੰਜਾਬੀ ਭਵਨ ਹੀ ਨਾ ਵੇਖਦੇ।

ਬਾਕੀ ਸਾਰੇ ਅਹੁਦੇਦਾਰ ਪਹਿਲਾਂ ਹੀ ਸਰਬ ਸੰਮਤੀ ਨਾਲ ਨਿਰ ਵਿਰੋਧ ਚੁਣੇ ਜਾਣ ਦੇ ਬਾਵਜੂਦ ਲਗ ਪਗ 800 ਸੱਜਣ ਪੰਜਾਬੀ ਭਵਨ ਆਏ। ਮੈਂਬਰ ਵੀ ਤੇ ਉਨ੍ਹਾਂ ਦੇ ਮਿੱਤਰ ਪਿਆਰੇ ਵੀ। ਟੋਰੰਟੋ ਵਾਲੇ ਭਾ ਜੀ ਇੰਦਰਜੀਤ ਸਿੰਘ ਬੱਲ ਵਰਗੇ, ਡਾ. ਏ ਪੀ ਸਿੰਘ ਪੀ ਏ ਯੂ,ਹਰਿੰਦਰ ਸਿੰਘ ਕਾਕਾ, ਤਾਰੀ ਜੈਤੋਵਾਲਾ ਦੇ ਸਪੁੱਤਰ ਤੋਂ ਇਲਾਵਾ ਸ. ਮੋਹਨ ਸਿੰਘ ਬੱਲ ਵਰਗੇ।

ਡਾ. ਸ ਸ ਜੌਹਲ ਵਰਗੇ 98 ਬਹਾਰਾਂ ਪੱਤਝੜਾਂ ਮਾਣ ਚੁੱਕੇ ਬਾਬਲ ਵਰਗੇ, ਡਾ. ਐੱਸ ਪੀ ਸਿੰਘ ਸਾਬਕਾ ਵੀ ਸੀ,ਪ੍ਰਿੰਸੀਪਲ ਸਰਵਣ ਸਿੰਘ,ਸੱਰੀ ਕੈਨੇਡਾ ਵਾਲੇ ਮੋਹਨ ਗਿੱਲ ਤੇ ਭੁਪਿੰਦਰ ਮੱਲ੍ਹੀ,ਵਰਿਆਮ ਸਿੰਘ ਸੰਧੂ, ਜਤਿੰਦਰ ਪੰਨੂ , ਨਿਰਮਲ ਅਰਪਨ, ਡਾ. ਰਘਬੀਰ ਸਿੰਘ ਸਿਰਜਣਾ, ਡਾ. ਸੁਰਿੰਦਰ ਗਿੱਲ, ਡਾ. ਗੁਰਦੇਵ ਸਿੰਘ ਸਿੱਧੂ, ਕਿਰਪਾਲ ਕਜ਼ਾਕ,ਬਲਦੇਵ ਸਿੰਘ ਸੜਕਨਾਮਾ, ਡਾ.ਹਰਜਿੰਦਰ ਸਿੰਘ ਦਿਲਗੀਰ,ਸ਼ਮਸ਼ੇਰ ਸਿੰਘ ਸੰਧੂ, ਸਵਰਾਜਬੀਰ , ਬੂਟਾ ਸਿੰਘ ਚੌਹਾਨ, ਡਾ. ਸਤੀਸ਼ ਸ਼ਰਮਾ ਸਾਬਕਾ ਡਾਇਰੈਕਟਰ ਡੀਏ ਵੀ ਸਿੱਖਿਆ ਭਾਰਤ, ਗੁਰਪ੍ਰੀਤ ਸਿੰਘ ਤੂਰ, ਤੇਜਪਰਤਾਪ ਸਿੰਘ ਸੰਧੂ,ਡਾ. ਜਸਪਾਲ ਸਿੰਘ ਰੰਧਾਵਾ, ਦਰਸ਼ਨ ਬੁੱਟਰ, ਸੁਸ਼ੀਲ ਦੋਸਾਂਝ, ਪਵਨ ਹਰਚੰਦਪੁਰੀ,ਪ੍ਰੋ. ਸੰਧੂ ਵਰਿਆਣਵੀ, ਡਾ. ਨਿਰਮਲ ਜੌੜਾ, ਡਾ. ਬਲਦੇਵ ਸਿੰਘ ਸਪਤਰਿਸ਼ੀ, ਪ੍ਰੋ. ਸੰਤੋਖ ਸਿੰਘ ਔਜਲਾ,ਹਰਪ੍ਰੀਤ ਕੌਰ ਸੰਧੂ, ਸਿੰਮੀਪ੍ਰੀਤ ਕੌਰ ਆਪਣੀ ਕਲਾਕਾਰ ਧੀ ਸਮੇਤ, ਹਰਭਜਨ ਕੌਰ ਢਿੱਲੋਂ,ਸੁਰਿੰਦਰ ਜੈਪਾਲ, ਪ੍ਰੋ. ਸ਼ਰਨਜੀਤ ਕੌਰ ,ਜਸਮੇਰ ਸਿੰਘ ਢੱਟ, ਰਵਿੰਦਰ ਰੰਗੂਵਾਲ,ਸਮੇਤ ਕਿੰਨੇ ਹੋਰ। ਡਾ. ਸ ਸ ਜੌਹਲ ਸਮੇਤ ਮੇਰੇ ਵਰਗੇ ਕੁਝ ਸਾਬਕਾ ਪ੍ਰਧਾਨ ਡਾ.



ਸੁਖਦੇਵ ਸਿੰਘ ਸਿਰਸਾ, ਪ੍ਰੋ. ਰਵਿੰਦਰ ਭੱਠਲ, ਡਾ. ਲਖਵਿੰਦਰ ਜੌਹਲ ਵੀ ਆਏ। ਯਾਦ ਕਰਦਿਆਂ ਹੌਕਾ ਨਿਕਲ ਰਿਹਾ ਸੀ ਕਿ ਡਾ. ਸੁਰਜੀਤ ਪਾਤਰ ਜੀ ਬਿਨ ਇਹ ਬੜੇ ਚਿਰ ਬਾਦ ਇਹ ਪਹਿਲੀ ਚੋਣ ਸੀ।

ਗੱਲ ਸਹੀ ਸੀ,

ਜੇ ਅਮਰ ਗਰਗ ਨਾ ਮੈਦਾਨ ਵਿੱਚ ਆਉਂਦੇ ਤਾਂ ਅਸਾਂ ਨਾਮਧਾਰੀ ਦਰਬਾਰ ਵੱਲੋਂ ਪਰੋਸੇ ਲੰਗਰ ਨੂੰ ਛਕਣ ਤੋਂ ਹਰਿ ਜਾਣਾ ਸੀ। ਕੂਕਿਆਂ ਦੀ ਕੁਣਕਾ ਕਮਾਲ ਸੀ। ਤੁਸੀਂ ਕਹੋਗੇ, ਸਾਨੂੰ ਤਾਂ ਕੁਣਕਾ ਮਿਲਿਆ ਨਹੀਂ। ਭਾਈ ਸਾਹਿਬ ਜਿਸ ਨੂੰ ਤੁਸੀਂ ਬੜੇ ਸੁਆਦ ਨਾਲ ਕੜਾਹ ਸਮਝ ਕੇ ਛਕਿਆ, ਉਸ ਨੂੰ ਸਾਡੇ ਪਿੰਡਾਂ ਵੱਲ ਕੁਣਕਾ ਹੀ ਕਹਿੰਦੇ ਨੇ।

ਸਾਰੇ ਜੇਤੂਆਂ ਨੂੰ ਮੁਬਾਰਕ।

ਪ੍ਰਧਾਨ ਦੇ ਅਹੁਦੇ ਲਈ ਡਾ. ਸਰਬਜੀਤ ਸਿੰਘ ਚੰਡੀਗੜ੍ਹ,

ਡਾ. ਪਾਲ ਕੌਰ ਅੰਬਾਲਾ ਸੀਨੀਅਰ ਮੀਤ ਪ੍ਰਧਾਨ, ਡਾ.ਗੁਲਜ਼ਾਰ ਸਿੰਘ ਪੰਧੇਰ ਲੁਧਿਆਣਾ ਜਨਰਲ ਸਕੱਤਰ, ਮੀਤ ਪ੍ਰਧਾਨਾਂ ’ਚ ਸ੍ਰੀ ਜਸਪਾਲ ਮਾਨਖੇੜਾ ਬਠਿੰਡਾ,ਸ.ਸਹਿਜਪ੍ਰੀਤ ਸਿੰਘ ਮਾਂਗਟ ਤੇ ਡਾ. ਗੁਰਚਰਨ ਕੌਰ ਕੋਚਰ ਲੁਧਿਆਣਾ, ਡਾ. ਅਰਵਿੰਦਰ ਕੌਰ ਕਾਕੜਾ ਪਟਿਆਲਾ,ਅਤੇ ਸੁਰਿੰਦਰ ਕੌਰ ਨੀਰ ਜੰਮੂ,ਪ੍ਰਬੰਧਕੀ ਬੋਰਡ ਵਿਚ ਡਾ. ਹਰੀ ਸਿੰਘ ਜਾਚਕ ਲੁਧਿਆਣਾ,ਭੁਪਿੰਦਰ ਸਿੰਘ ਸੰਧੂ ਅੰਮ੍ਰਿਤਸਰ,ਸੰਜੀਵਨ ਸਿੰਘ ਮੋਹਾਲੀ,ਡਾ. ਸਿਮਰਜੀਤ ਕੌਰ ਗਿੱਲ ਮੋਗਾ,ਪ੍ਰੋ. ਤਰਸਪਾਲ ਕੌਰ ਬਰਨਾਲਾ,ਤ੍ਰੈਲੋਚਨ ਲੋਚੀ,ਮਨਜਿੰਦਰ ਸਿੰਘ ਧਨੋਆ,ਤੇ ਦੀਪ ਜਗਦੀਪ ਸਿੰਘ ਲੁਧਿਆਣਾ,ਪ੍ਰਭਜੋਤ ਸੋਹੀ ਜਗਰਾਉਂ,ਨਵਤੇਜ ਗੜ੍ਹਦੀਵਾਲਾ, ਹੋਸ਼ਿਆਰਪੁਰ,ਡਾ. ਹਰਵਿੰਦਰ ਸਿੰਘ ਸਿਰਸਾ, ਅਮੀਆ ਕੁੰਵਰ ਦਿੱਲੀ,ਰਜਿੰਦਰ ਸਿੰਘ ਰਾਜਨ ਸੰਗਰੂਰ,ਮੱਖਣ ਮਾਨ ਜਲੰਧਰ,ਤੇ ਰੋਜ਼ੀ ਸਿੰਘ ਫਤਹਿਗੜ੍ਹ ਚੂੜੀਆਂ (ਗੁਰਦ-ਾਸਪੁਰ)ਸਮੇਤ।

ਖੁਸ਼ੀ ਵਧਾਉਣ ਲਈ ਕੋਈ ਲੱਡੂ ਵੰਡ ਰਿਹਾ ਸੀ, ਕੋਈ ਗੁਲਾਬ ਜਾਮਨ ਤੇ ਦੋ ਤਿੰਨ ਸੱਜਣ ਕੇਕ।

ਫਿਰ ਵੀ ਸਾਂਝਾ ਫ਼ਿਕਰ ਸੀ ਕਿ ਵਿਸ਼ਵ ਅਮਨ ਸਲਾਮਤੀ ਲਈ ਕਲਮਕਾਰ ਮਾਹੌਲ ਉਸਾਰਨ। ਸਾਨ੍ਹਾਂ ਦਾ ਪਸ਼ੂ ਭੇੜ ਸਕੂਲੀ ਬਸਤੇ ਨਾ ਮਿੱਧੇ, ਕੰਧਾਂ ਕੋਠੇ ਨਾ ਢਾਹੁਣੇ, ਫ਼ਿਰਕਾਪ੍ਰਸਤੀ ਦੀ ਵੇਲ ਨਾ ਵਧੇ। ਸਾਂਝੀਆਂ ਸਾਹਿੱਤਕ ਸੱਭਿਆਚਾਰਕ ਸੰਸਥਾਵਾਂ ਲਈ ਸਾਂਝੀ ਫਿਕਰਮੰਦੀ ਮੁੜ ਸੁਰਜੀਤ ਕੀਤੀ ਜਾਵੇ। ਆਪੋ ਆਪਣੇ ਵਿਸ਼ਵਾਸ ਤੇ ਪਹਿਰਾ ਦੇਂਦਿਆ ਵੀ ਕੌੜ ਨਾ ਵਧੇ।

ਗੁਰਭਜਨ ਗਿੱਲ

# ਪੰਜਾਬ ਅਤੇ ਆਸਟਰੇਲੀਆ ਦਾ ਫਰਕ

ਥੋੜਾ ਜਿਹਾ ਅਰਸਾ ਆਸਟ੍ਰੇਲੀਆ ਵਿੱਚ ਜਾਣ ਦਾ ਮੌਕਾ ਮਿਲਿਆ, ਇਸ ਦੌਰਾਨ ਮੈਨੂੰ ਜਿਹੜੇ ਫ਼ਰਕ ਨਜ਼ਰ ਆਏ ਤੁਹਾਡੀ ਸੇਵਾ ਵਿੱਚ ਰੱਖ ਰਿਹਾ ਹਾਂ। ਆਸਟਰੇਲੀਆ ਵਿੱਚ ਕੋਈ ਇੱਕ ਪੈਸੇ ਦੀ ਵੀ ਟੈਕਸ ਚੋਰੀ ਨਹੀਂ ਕਰ ਸਕਦਾ। ਪਾਈ ਪਾਈ ਦਾ ਹਿਸਾਬ ਦੇਣਾ ਪੈਂਦਾ ਹੈ। ਪੰਜਾਬ ਵਿੱਚ ਤਾਂ ਵੱਡੇ ਵੱਡੇ ਰਸੂਖਵਾਨ ਵੀ ਚੋਰ ਮੋਰੀਆਂ ਰਾਹੀਂ ਬਚ ਨਿਕਲਦੇ ਹਨ। ਮੇਰਾ ਬੇਟਾ ਜਿਸ ਕੰਪਨੀ ਵਿੱਚ ਕੰਮ ਕਰਦਾ ਸੀ ਉਸ ਦਾ ਮਾਲਕ ਕਰੋੜਪਤੀ ਪੰਜਾਬੀ ਸੀ। ਉਸ ਨੇ ਇੰਡੀਆ ਵਰਗੀ ਆਦਤ ਨਾਲ ਬਲੈਕ-ਮਨੀ ਨਹੀਂ ਦਿਖਾਈ, ਟੈਕਸ ਚੋਰੀ ਕੀਤੀ। ਕੁੱਝ ਸਮੇਂ ਬਾਅਦ ਉਹ ਚੋਰੀ ਉਜਾਗਰ ਹੋ ਗਈ। ਪੜਤਾਲ ਹੋਈ, ਉਹ ਝੂਠਾ ਸਾਬਤ ਹੋ ਗਿਆ।ਕੋਰਟ ਦੇ ਅੰਤਿਮ ਫੈਸਲੇ ਤੱਕ ਉਸ ਨੂੰ ਜੇਲ ਦੀਆਂ ਸਲਾਖਾਂ ਪਿੱਛੇ ਜਾਣਾ ਪਿਆ। ਸੜਕਾਂ ਅਤੇ ਆਵਾਜਾਈ ਦੇ ਨਿਯਮ ਬਹੁਤ ਵਧੀਆ ਅਤੇ ਪੱਕੇ ਹਨ, ਉਲੰਘਣਾ ਕਰਨ ਕਰਨ ਉੱਤੇ ਭਾਰੀ ਜੁਰਮਾਨਾ ਹੁੰਦਾ ਹੈ। ਥਾਂ ਥਾਂ ਉੱਤੇ ਸਪੀਡ ਲਿਮਟ ਦੇ ਬੋਰਡ ਲੱਗੇ ਹਨ,ਉਸੇ ਮੁਤਾਬਿਕ ਚੱਲਣਾ ਪੈਂਦਾ ਹੈ। ਮਨਮਾਨੀਆਂ ਨਹੀਂ ਕਰ ਸਕਦੇ।ਦੋ ਵਾਰ ਉਲੰਘਣਾ ਕਰਨ ਉਪਰੰਤ ਲਾਈਸੈਂਸ ਕੈਂਸਲ ਹੋ ਜਾਂਦਾ ਹੈ। ਫਿਰ ਦੋ ਸਾਲ ਤੱਕ ਨਹੀਂ ਬਣਦਾ। ਰੈਡ ਐਂਟਰੀ ਹੋ ਜਾਂਦੀ ਹੈ। ਗ੍ਰੀਨਰੀ-ਵਨਸਪਤੀ ਬੇਸ਼ੁਮਾਰ ਹੈ। ਕੁਦਰਤ ਨੂੰ ਪਿਆਰ ਕਰਨ ਵਾਲੇ ਲੋਕ ਹਨ। ਅਧਿਕਤਰ ਰਿਹਾਇਸ਼ੀ ਮਕਾਨ ਇੱਕ ਮੰਜ਼ਿਲੇ ਹੁੰਦੇ ਹਨ। ਵਪਾਰਕ ਬਿਲਡਿੰਗਾਂ ਟਾਵਰ ਟਾਈਪ ਹਨ। ਪ੍ਰਾਪਰਟੀ ਡੀਲਰ ਮਕਾਨਾਂ ਦੀ ਬੋਲੀ ਤੋਂ ਬਹੁਤ ਮੁਨਾਫ਼ਾ ਕਮਾਉਂਦੇ ਹਨ। ਮਾਰਕੀਟ, ਸਮਾਨ ਖਰੀਦਣ ਲਈ ਵੱਡੇ ਵੱਡੇ ਮਾਲ ਹਨ। ਮੀਡੀਅਮ ਸਾਈਜ਼ ਦੀਆਂ ਮਾਲ ਟਾਈਪ ਦੁਕਾਨਾਂ ਰਿਹਾਇਸ਼ੀ ਖੇਤਰ ਥੋੜੀ ਦੂਰੀ ਤੇ ਮਿਲਦੀਆਂ ਹਨ। ਕਾਰਾਂ ਵਿੱਚ ਜਾ ਕੇ ਹੀ ਖਰੀਦੋ ਫਰੋਖਤ ਹੁੰਦੀ ਹੈ।ਪੈਦਲ ਬਹੁਤ ਦੂਰ ਪੈਂਦੀਆਂ ਹਨ।




ਪੰਜਾਬ ਵਿੱਚ ਹੱਥੀ ਕੰਮ ਕਰਨ ਵਾਲਾ ਕਲਚਰ ਖਤਮ ਹੋ ਰਿਹਾ ਹੈ ਸਾਰਾ ਕੰਮ ਮਸ਼ੀਨੀਰੀ ਰਾਹੀਂ ਹੀ ਹੁੰਦਾ ਹੈ। ਗਰੀਬ ਜਨਤਾ ਨੂੰ ਕੰਮ ਨਹੀਂ ਮਿਲਦਾ। ਸਭ ਕੋਈ ਗੁਜ਼ਾਰੇ ਵਾਸਤੇ ਪੈਨਸ਼ਨ ਲਈ ਸਰਕਾਰ ਵੱਲ ਝਾਕਦਾ ਹੈ। ਕੰਮ ਕਰਕੇ ਕੋਈ ਰਾਜ਼ੀ ਹੀ ਨਹੀਂ। ਆਸਟਰੇਲੀਆ ਵਿੱਚ ਹਰ ਉਮਰ ਵਾਸਤੇ ਰੁਜ਼ਗਾਰ ਹੀ ਰੁਜ਼ਗਾਰ ਹੈ। ਬੁਢਾਪੇ ਵਿੱਚ ਵੀ ਜੇ ਕੋਈ ਕੰਮ ਕਰਨਾ ਚਾਹੁੰਦਾ ਹੈ ਤਾਂ ਉਸਨੂੰ ਕੰਮ ਮਿਲ ਜਾਂਦਾ ਹੈ। ਵਿਹਲੇ ਬੰਦਿਆਂ ਦੀਆਂ ਢਾਣੀਆਂ ਨਹੀਂ ਦੇਖੀਆਂ। ਗਲੀਆਂ ਸੜਕਾਂ ਤੇ ਅਵਾਰਾ ਕੁੱਤੇ ਜਾਂ ਬਿੱਲੀਆਂ ਕਿਤੇ ਨਜ਼ਰ ਨਹੀਂ ਆਉਂਦੀਆਂ। ਲੋਕਾਂ ਨੇ ਘਰਾਂ ਵਿੱਚ ਜਰੂਰ ਵਧੀਆ ਵਧੀਆ ਨਸਲ ਦੇ ਕੁੱਤੇ ਤੇ ਬਿੱਲੀਆਂ ਪਾਲੀਆਂ ਹੋਈਆਂ ਹਨ। ਜੰਗਲੀ ਜੀਵ ਜੰਤੂਆਂ ਵਾਸਤੇ ਵੱਖਰਾ ਵਿਭਾਗ ਹੈ ਜੋ ਉਨ੍ਹਾਂ ਦੀ ਖੁਰਾਕ ਦਾ ਪ੍ਰਬੰਧ ਕਰਦਾ ਹੈ। ਉਨ੍ਹਾਂ ਨੂੰ ਦਾਣੇ ਜਾਂ ਖੁਰਾਕ ਪਾਉਣ ਦੀ ਪੂਰੀ ਮਨਾਹੀ ਹੈ।ਭਾਵੇਂ ਘਰ ਘਰ ਡ੍ਰਿੰਕ ਅਤੇ ਸਿਗਰਟਾਂ ਪੀਣ ਦੀ ਆਦਤ ਹੈ ਪ੍ਰੰਤੂ ਜਨਤਕ ਥਾਵਾਂ ਤੇ ਅਜਿਹਾ ਨਹੀਂ ਹੁੰਦਾ। ਨਸ਼ੇੜੀ ਵੀ ਬਾਹਰ ਘੁੰਮਦੇ ਨਹੀਂ ਦੇਖੇ। ਪੰਜਾਬ ਵਿੱਚ ਤਾਂ ਤਿੰਨ ਚਾਰ ਦਹਾਕੇ ਤੋਂ ਸਿਆਸਤਦਾਨ ਹੀ ਨਸ਼ਿਆਂ ਦੇ ਸੌਦਾਗਰ ਬਣੇ ਰਹੇ, ਜਿਨਾਂ ਤੋਂ ਅਜੇ ਵੀ ਨਿਜਾਤ ਨਹੀਂ ਪਾਈ ਜਾ ਸਕੀ। ਜਦੋਂ ਗੱਦੀ ਤੋਂ ਉਤਰ ਜਾਂਦੇ ਹਨ, ਫਿਰ ਚੀਕਾਂ ਮਾਰਦੇ ਹਨ। ਮੁਫਤਖੋਰਿਆਂ ਦੀਆਂ ਲਾਈਨਾਂ ਲੱਗੀਆਂ ਪਈਆਂ ਹਨ। ਆਸਟ੍ਰੇਲੀਆ ਵਿੱਚ ਬੱਚੇ ਕੰਮ ਤੇ ਚਲੇ ਜਾਂਦੇ ਸਨ। ਬਾਅਦ ਵਿੱਚ ਘਰੇਂ ਬਹੁਤ ਇਕੱਲਤਾ ਮਹਿਸੂਸ ਹੁੰਦੀ ਹੈ। ਮੈਂ ਤਾਂ ਲਿਖਣ ਵਿੱਚ ਮਸਰੂਫ਼ ਰਹਿੰਦਾ ਸੀ, ਪ੍ਰੰਤੂ ਪਤਨੀ ਨੂੰ ਸਮਾਂ ਲੰਘਾਉਣਾ ਬਹੁਤ ਔਖਾ ਲੱਗਿਆ। ਆਂਢ ਗੁਆਂਢ ਵਿੱਚ ਗੋਰੇ ਜਾਂ ਆਈਲੈਂਡਰ ਹੀ ਵਸਦੇ ਸਨ। ਸਭ ਆਪੋ ਆਪਣੇ ਕੰਮਾਂ ਵਿੱਚ ਮਸਤ ਰਹਿੰਦੇ ਸਨ। ਹੈਲੋ ਹਾਏ ਤੋਂ ਬਿਨਾਂ ਹੋਰ ਕੋਈ ਗੱਲ ਨਹੀਂ ਹੁੰਦੀ ਸੀ। ਉਨ੍ਹਾਂ ਦੇ ਘਰਾਂ ਵਿੱਚ ਕਦੇ ਕਿਤੇ ਲੜਾਈ ਝਗੜਾ ਹੁੰਦਾ ਨਹੀਂ ਦੇਖਿਆ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ ਚੰਡੀਗੜ੍ਹ ਫੋਨ ਨੰਬਰ : 9878469639**

## ਕਨੇਡਾ ਦੇ ਕੈਲੇ ਐਰਿਕਸਨ ਅਤੇ ਗਾਈਡ ਸਿਏਰਾ ਸਮਿਥ ਨੇ ਸਲਾਲਮ ਵਿੱਚ ਕਾਂਸੀ ਦਾ ਤਮਗਾ ਜਿੱਤਿਆ

**ਵੈਨਕੂਵਰ, (ਮਲਕੀਤ ਸਿੰਘ)** – ਇਟਲੀ ਦੇ ਮਿਲਾਨੋ-ਕੋਰਟੀਨਾ ਵਿੱਚ ਚੱਲ ਰਹੀਆਂ ਪੈਰਾ ਓਲੰਪਿਕ ਖੇਡਾਂ ਦੌਰਾਨ ਕਨੇਡਾ ਦੇ ਪੈਰਾ ਐਲਪਾਈਨ ਸਕੀਅਰ ਕੈਲੇ ਐਰਿਕਸਨ ਅਤੇ ਉਨ੍ਹਾਂ ਦੀ ਗਾਈਡ ਸਿਏਰਾ ਸਮਿਥ ਨੇ ਪੁਰਸ਼ਾਂ ਦੇ ਵਰਗ ਦੇ ਸਲਾਲਮ ਮੁਕਾਬਲੇ ਵਿੱਚ ਕਾਂਸੀ ਦਾ ਤਮਗਾ ਜਿੱਤਣ ਚ ਕਾਮਯਾਬ ਵੀ ਹਾਸਲ ਕੀਤੀ ਹੈ ਇਹ ਜੋੜੀ ਆਪਣੇ ਪੈਰਾ ਓਲੰਪਿਕ ਡੈਬਿਊ ਵਿੱਚ ਤੀਜਾ ਤਮਗਾ ਜਿੱਤਣ ਵਿੱਚ ਕਾਮਯਾਬ ਰਹੀ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਕਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਕਿੰਬਰਲੀ ਸ਼ਹਿਰ ਨਾਲ ਸੰਬੰਧਿਤ ਐਰਿਕਸਨ ਅਤੇ ਓਟਾਵਾ ਦੀ ਰਹਿਣ ਵਾਲੀ ਉਨ੍ਹਾਂ ਦੀ ਗਾਈਡ ਸਿਏਰਾ ਸਮਿਥ ਨੇ ਦੋ ਦੌੜਾਂ ਵਿੱਚ ਕੁੱਲ 1 ਮਿੰਟ 31.26 ਸਕਿੰਟ ਦਾ ਸਮਾਂ ਲੈ ਕੇ ਕਾਂਸੀ ਦਾ ਤਮਗਾ ਆਪਣੇ ਨਾਮ ਕੀਤਾ। ਇਹ ਮੁਕਾਬਲਾ ਮਿਲਾਨੋ-ਕੋਰਟੀਨਾ ਖੇਡਾਂ ਦੌਰਾਨ ਟੋਫਾਨੇ ਐਲਪਾਈਨ ਸਕੀਇੰਗ ਕੇਂਦਰ ਵਿੱਚ ਕਰਵਾਇਆ ਗਿਆ। ਦੱਸਣਯੋਗ ਹੈ ਕਿ ਇਸ ਜੋੜੀ ਨੇ ਇਸ ਤੋਂ ਪਹਿਲਾਂ ਵੀ ਖੇਡਾਂ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਡਾਊਨਹਿੱਲ ਵਿੱਚ ਚਾਂਦੀ ਅਤੇ ਸੁਪਰ-ਜੀ ਵਿੱਚ ਕਾਂਸੀ ਦਾ ਤਮਗਾ ਜਿੱਤਿਆ ਸੀ। ਇਸ ਤਰ੍ਹਾਂ ਸਲਾਲਮ ਦਾ ਕਾਂਸੀ ਦਾ ਤਮਗਾ ਉਨ੍ਹਾਂ ਦੇ ਪੈਰਾ ਓਲੰਪਿਕ ਡੈਬਿਊ ਦਾ ਤੀਜਾ ਤਮਗਾ ਬਣ ਗਿਆ ਹੈ। ਕਨੇਡੀਅਨ ਖਿਡਾਰੀਆਂ ਦੇ ਇਸ ਪ੍ਰਦਰਸ਼ਨ ਨਾਲ ਦੇਸ਼ ਭਰ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ ਅਤੇ ਖੇਡ ਪ੍ਰੇਮੀਆਂ ਵੱਲੋਂ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।



**ਪੈਰਾ ਓਲੰਪਿਕ ਖੇਡਾਂ ਦੌਰਾਨ ਸਲਾਲਮ ਮੁਕਾਬਲੇ ਵਿੱਚ ਕਾਂਸੀ ਦਾ ਤਮਗਾ ਜਿੱਤਣ ਵਾਲੇ ਕਨੇਡਾ ਦੇ ਸਕੀਅਰ ਕੈਲੇ ਐਰਿਕਸਨ ਅਤੇ ਉਨ੍ਹਾਂ ਦੀ ਗਾਈਡ ਸਿਏਰਾ ਸਮਿਥ।**

## ਲਾਪਤਾ ਵਿਅਕਤੀ ਦੇ ਕਤਲ ਮਾਮਲੇ ਵਿੱਚ ਦੋ ਵਿਅਕਤੀਆਂ ਉੱਤੇ ਪਹਿਲੀ ਡਿਗਰੀ ਕਤਲ ਦੇ ਦੋਸ਼

**ਵੈਨਕੂਵਰ, (ਮਲਕੀਤ ਸਿੰਘ)** – ਕਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਬਰਨਬੀ ਸ਼ਹਿਰ ਨਾਲ ਸੰਬੰਧਿਤ ਇੱਕ 45 ਸਾਲਾ ਵਿਅਕਤੀ ਦੀ ਮੌਤ ਦੇ ਮਾਮਲੇ ਵਿੱਚ ਪੁਲਿਸ ਨੇ ਦੋ ਲੋਕਾਂ ਉੱਤੇ ਪਹਿਲੀ ਡਿਗਰੀ ਕਤਲ ਦੇ ਦੋਸ਼ ਲਗਾਏ ਹਨ। ਇਹ ਵਿਅਕਤੀ ਫ਼ਰਵਰੀ ਮਹੀਨੇ ਵਿੱਚ ਲਾਪਤਾ ਹੋ ਗਿਆ ਸੀ ਅਤੇ ਉਸ ਦੀ ਮੌਤ ਦੀ ਜਾਂਚ ਹੁਣ ਕਤਲ ਦੇ ਮਾਮਲੇ ਵਜੋਂ ਕੀਤੀ ਜਾ ਰਹੀ ਹੈ।ਇੰਟੀਗ੍ਰੇਟਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ (ਆਈਐਚਆਈਟੀ) ਮੁਤਾਬਕ ਮ੍ਰਿਤਕ ਦੀ ਪਹਿਚਾਣ ਬਰਨਬੀ ਦੇ ਰਹਿਣ ਵਾਲੇ ਮਸੂਦ ਮਸਜੂਦੀ ਵਜੋਂ ਹੋਈ ਹੈ। ਜਾਂਚ ਕਰ ਰਹੇ ਅਧਿਕਾਰੀਆਂ ਅਨੁਸਾਰ ਪਿਛਲੇ ਹਫ਼ਤੇ ਮਿਸ਼ਨ ਖੇਤਰ ਵਿੱਚ ਉਸ ਦੇ ਅਵਸ਼ੇਸ਼ ਮਿਲੇ ਸਨ, ਜਿਸ ਤੋਂ ਬਾਅਦ ਮਾਮਲੇ ਦੀ ਜਾਂਚ ਤੇਜ਼ ਕਰ ਦਿੱਤੀ ਗਈ ਸੀ ਪੁਲਿਸ ਮੁਤਾਬਕ ਇਸ ਮਾਮਲੇ ਵਿੱਚ 48 ਸਾਲਾ ਮਹਦੀ ਅਹਿਮਦਜ਼ਾਦੇਹ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਉੱਤੇ ਪਹਿਲੀ ਡਿਗਰੀ ਕਤਲ ਦੇ ਦੋਸ਼ ਲਗਾਏ ਗਏ ਹਨ। ਜਾਂਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਹਾਲੇ ਵੀ ਜਾਰੀ ਹੈ ਅਤੇ ਹੋਰ ਜਾਣਕਾਰੀ ਸਾਹਮਣੇ ਆਉਣ ਦੀ ਸੰਭਾਵਨਾ ਹੈ।



**ਮਿਰਤਕ ਮਸੂਦ ਮਸਜੂਦੀ ਦੀ ਇੱਕ ਤਸਵੀਰ**

# ਮਮੂਲੀ ਝਗੜੇ ਮਗਰੋਂ ਪੰਜਾਬੀ ਨੌਜਵਾਨ ਦਾ ਕਤਲ

## ਮ੍ਰਿਤਕ ਮੱਧ ਪ੍ਰਦੇਸ਼ ਦੇ ਉਜੈਨ ਸ਼ਹਿਰ ਨਾਲ ਸੀ ਸੰਬੰਧਿਤ

**ਵੈਨਕੂਵਰ, (ਮਲਕੀਤ ਸਿੰਘ )**– ਕਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸੈਂਟ ਜੋਨ ਇਲਾਕੇ ਵਿੱਚ ਮਮੂਲੀ ਤਕਰਾਰਬਾਜ਼ੀ ਦੌਰਾਨ ਕੁਝ ਅਣਪਛਾਤੀ ਵਿਅਕਤੀਆਂ ਵੱਲੋਂ ਇੱਕ ਪੰਜਾਬੀ ਨੌਜਵਾਨ ਦਾ ਕਤਲ ਕੀਤੇ ਜਾਣ ਦੀ ਸੂਚਨਾ ਹੈ ਪ੍ਰਾਪਤ ਵੇਰਵਿਆਂ ਅਨੁਸਾਰ ਮੱਧ ਪ੍ਰਦੇਸ਼ ਦੇ ਉਜੈਨ ਸ਼ਾਇਰ ਨਾਲ ਸਬੰਧਿਤ ਗੁਰਪ੍ਰੀਤ ਸਿੰਘ ਨਾਂ ਦਾ ਇੱਕ ਨੌਜਵਾਨ ਉਚੇਰੀ ਪੜ੍ਹਾਈ ਦੇ ਨਾਲ ਨਾਲ ਆਪਣੇ ਸੁਨਹਿਰੀ ਭਵਿੱਖ ਦੇ ਸੁਪਨਿਆਂ ਦੀ ਸਕਾਰਤਾ ਲਈ ਤਕਰੀਬਨ ਡੇਢ ਸਾਲ ਪਹਿਲਾਂ ਹੀ ਭਾਰਤ ਤੋਂ ਕਨੇਡਾ ਪੁੱਜਾ ਸੀ ਅਤੇ ਨੌਰਦਰਨ ਲਾਈਟਸ ਕਾਲਜ ਵਿੱਚ ਬਿਜ਼ਨਸ ਮੈਨੇਜਮੈਂਟ ਦੇ ਪੋਸਟ–ਡਿਗਰੀ ਡਿਪਲੋਮਾ ਪ੍ਰੋਗਰਾਮ ਦੀ ਪੜ੍ਹਾਈ ਕਰ ਰਿਹਾ ਸੀ। ਪੁਲਿਸ ਵੱਲੋਂ ਕਤਲ ਦੀ ਜਿੰਮੇਵਾਰ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ।

# ਟੈਕਸੀ ਡਰਾਈਵਰ ਦੇ ਕਤਲ ਦੇ ਕੇਸ ‘ਚ ਦੋ ਨੌਜਵਾਨ ਗ੍ਰਿਫਤਾਰ

**ਵੈਨਕੂਵਰ, (ਮਲਕੀਤ ਸਿੰਘ) –** ਕਨੇਡਾ ਦੇ ਸਸਕਾਚਵਨ ਸੂਬੇ ਦੇ ਨਾਰਥ ਬੈਟਲਫੋਰਡ ਸ਼ਹਿਰ ਵਿੱਚ ਟੈਕਸੀ ਡਰਾਈਵਰ ਦੇ ਕਤਲ ਦੇ ਕੇਸ ਨੂੰ ਪੁਲਿਸ ਵੱਲੋਂ 24 ਘੰਟਿਆਂ ਚ ਸੁਲਝਾਉਂਦਿਆਂ 19 ਸਾਲ ਦੇ ਦੋ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦੋਵਾਂ ਉੱਤੇ ਪਹਿਲੀ ਡਿਗਰੀ ਕਤਲ ਦੇ ਦੋਸ਼ ਲਗਾਏ ਗਏ ਹਨ। ਪੁਲਿਸ ਮੁਤਾਬਕ ਇਹ ਗ੍ਰਿਫ਼ਤਾਰੀਆਂ ਉਸ ਟੈਕਸੀ ਡਰਾਈਵਰ ਦੀ ਮੌਤ ਤੋਂ ਬਾਅਦ ਕੀਤੀਆਂ ਗਈਆਂ ਹਨ ਜਿਸ ਨੂੰ ਸ਼ੁਕਰਵਾਰ ਨੂੰ ਕੁਝ ਅਣਪਛਾਤਿਆ ਵੱਲੋਂ ਕਤਲ ਕਰ ਦਿੱਤਾ ਗਿਆ ਸੀ। ‘ਕਰਾਊਨ ਕੈਬਜ਼’ ਦੇ ਮਾਲਕ ਹੈਰਿਸ ਕੋਰਾਥ ਨੇ ਦੱਸਿਆ ਕਿ ਮ੍ਰਿਤਕ ਡਰਾਈਵਰ ਉਨ੍ਹਾਂ ਦੀ ਕੰਪਨੀ ਦਾ ਕਰਮਚਾਰੀ ਸੀ। ਪੁਲਿਸ ਵੱਲੋਂ ਮਾਮਲੇ ਦੀ ਹੋਰ ਜਾਂਚ ਜਾਰੀ ਹੈ ਅਤੇ ਦੋਸ਼ੀਆਂ ਨੂੰ ਲੋੜੀਦੀ ਪੁੱਛਗਿਛ ਉਪਰੰਤ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਵਾਲ ਕੱਟਣ ਅਤੇ ਸਜਾਉਣ ਦਾ ਵਿਸ਼ੇਸ਼ ਸਮਾਗਮ ਆਯੋਜਿਤ



ਹੈਮਿਲਟਨ ਵਿੱਚ ਵਾਲ ਕੱਟਣ ਅਤੇ ਸਜਾਉਣ ਸਬੰਧੀ ਆਯੋਜਿਤ ਸਮਾਗਮ ਦੀ ਇੱਕ ਤਸਵੀਰ

**ਵੈਨਕੂਵਰ, 16 ਮਾਰਚ (ਮਲਕੀਤ ਸਿੰਘ) –** ਕਨੇਡਾ ਦੇ ਓਨਟਾਰਿਓ ਸੂਬੇ ਦੇ ਸ਼ਹਿਰ ਹੈਮਿਲਟਨ ਵਿੱਚ ਨੌਜਵਾਨ ਲੜਕੇ ਲੜਕੀਆਂ ਨੂੰ ਵਾਲ ਕੱਟਣ ਅਤੇ ਸਜਾਉਣ ਦੇ ਢੰਗ ਤਰੀਕਿਆਂ ਬਾਰੇ ਸਿੱਖਿਅਤ ਕਰਨ ਸਬੰਧੀ ਇਕ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ 'ਐਕਸਲ ਇਨ ਸਟਾਈਲ' ਨਾਮਕ ਇਸ ਸਮਾਗਮ ਦੌਰਾਨ ਇਸ ਧੰਦੇ ਚ ਮਾਹਿਰ ਗਿਣੇ ਜਾਂਦੇ 71 ਤੋਂ ਸਿਖਿਅਕਾ ਵੱਲੋਂ ਵਾਲ ਮੁਫ਼ਤ ਵਿੱਚ ਕੱਟਣ ਅਤੇ ਸਜਾਉਣ ਦੀਆਂ ਸੇਵਾਵਾਂ ਨਿਭਾਈਆਂ ਗਈਆਂ। ਇਸ ਸਮਾਗਮ ਦਾ ਉਦੇਸ਼ ਨੌਜਵਾਨਾਂ ਨੂੰ ਆਤਮਵਿਸ਼ਵਾਸ ਦੇਣਾ ਅਤੇ ਉਨ੍ਹਾਂ ਨੂੰ ਸਿੱਖਿਆ ਨਾਲ ਜੋੜਨਾ ਵੀ ਹੈ। ਪਿਛਲੇ ਸਾਲ ਇਸੇ ਤਰ੍ਹਾਂ ਦੇ ਸਮਾਗਮ ਦੌਰਾਨ ਹੈਮਿਲਟਨ ਦੇ ਬਰਨੀ ਕਸਟਿਸ ਸੈਕੰਡਰੀ ਸਕੂਲ ਵਿੱਚ ਇਕ ਵਿਸ਼ੇਸ਼ ਮੁਹਿੰਮ ਚਲਾਈ ਗਈ ਸੀ, ਜਿਸ ਦੌਰਾਨ ਇਕ ਦਿਨ ਵਿੱਚ 287 ਨੌਜਵਾਨਾਂ ਦੇ ਵਾਲ ਕੱਟੇ ਅਤੇ ਸਜਾਏ ਗਏ ਸਨ। ਆਯੋਜਕਾਂ ਦਾ ਕਹਿਣਾ ਹੈ ਕਿ ਨੌਜਵਾਨ ਲੜਕੇ ਲੜਕੀਆਂ ਦੇ ਉਤਸ਼ਾਹ ਦੇ ਮੱਦੇਨਜ਼ਰ ਇਸ ਸਾਲ 300 ਤੋਂ ਵੱਧ ਨੌਜਵਾਨਾਂ ਨੂੰ ਸੇਵਾ ਪ੍ਰਦਾਨ ਕਰਨ ਦਾ ਟੀਚਾ ਮਿਥਿਆ ਗਿਆ ਹੈ ।

# ਓਟਾਵਾ ਚ ਉੱਚੀ ਇਮਾਰਤ ਨੂੰ ਅੱਗ ਲੱਗਣ ਕਾਰਨ ਦੋ ਲੋਕਾਂ ਦੀ ਮੌਤ, ਤਿੰਨ ਜ਼ਖ਼ਮੀ

**ਵੈਨਕੂਵਰ, 16 ਮਾਰਚ (ਮਲਕੀਤ ਸਿੰਘ) –** ਕੈਨੇਡਾ ਦੀ ਰਾਜਧਾਨੀ ਓਟਾਵਾ ਦੇ ਸੈਂਟਰਟਾਊਨ ਇਲਾਕੇ ਵਿੱਚ ਇਕ ਉੱਚੀ ਰਿਹਾਇਸ਼ੀ ਇਮਾਰਤ ਵਿੱਚ ਅੱਗ ਲੱਗਣ ਕਾਰਨ ਦੋ ਲੋਕਾਂ ਦੀ ਮੌਤ ਹੋ ਗਈ ਜਦਕਿ ਤਿੰਨ ਹੋਰ ਵਿਅਕਤੀ ਜ਼ਖ਼ਮੀ ਹੋ ਗਏ। ਪ੍ਰਾਪਤ ਵੇਰਵਿਆਂ ਮੁਤਾਬਕ ਇਹ ਅੱਗ ਸ਼ਨੀਵਾਰ ਰਾਤ ਲਗਭਗ 9:30 ਵਜੇ 19 ਮੰਜ਼ਿਲਾਂ ਵਾਲੀ ਇਕ ਰਿਹਾਇਸ਼ੀ ਇਮਾਰਤ ਦੇ ਉੱਪਰੀ ਮੰਜ਼ਿਲ ’ਤੇ ਲੱਗੀ। ਸੂਚਨਾ ਮਿਲਣ ਉਪਰੰਤ ਫਾਇਰ ਸਰਵਿਸ ਦੇ ਅੱਗ ਬੁਝਾਊ ਦਸਤਿਆਂ ਨੇ ਮੌਕੇ ’ਤੇ ਪਹੁੰਚ ਕੇ ਬਚਾਅ ਕਾਰਵਾਈ ਸ਼ੁਰੂ ਕੀਤੀ। ਅਧਿਕਾਰੀਆਂ ਮੁਤਾਬਕ ਅੱਗ ਕਾਰਨ ਦੋ ਲੋਕਾਂ ਦੀ ਮੌਕੇ ’ਤੇ ਹੀ ਮੌਤ ਹੋ ਗਈ ਜਦਕਿ ਤਿੰਨ ਹੋਰ ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਭੇਜਿਆ ਗਿਆ ਹੈ। ਓਟਾਵਾ ਫਾਇਰ ਸਰਵਿਸ ਦੇ ਬੁਲਾਰੇ ਨਿਕ ਡੀਫਾਜ਼ਿਓ ਨੇ ਦੱਸਿਆ ਕਿ ਅੱਗ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਮਾਮਲੇ ਦੀ ਤਫਤੀਸ਼ ਓਨਟਾਰਿਓ ਫਾਇਰ ਮਾਰਸ਼ਲ ਦੇ ਦਫ਼ਤਰ ਵੱਲੋਂ ਕੀਤੀ ਜਾ ਰਹੀ ਹੈ।

# ਅਲਬਰਟਾ ਨੂੰ 2028 ਹਾਕੀ ਵਿਸ਼ਵ ਕੱਪ ਦੀ ਮੇਜ਼ਬਾਨੀ ਮਿਲੀ

## ਕੈਨੇਡਾ ਦੇ ਖੇਡ ਪ੍ਰੇਮੀਆਂ ‘ਚ ਉਤਸ਼ਾਹ ਦੀ ਭਾਵਨਾ

**ਵੈਨਕੂਵਰ, 16 ਮਾਰਚ (ਮਲਕੀਤ ਸਿੰਘ)** – ਕਨੇਡਾ ਦੇ ਸੂਬੇ ਅਲਬਰਟਾ ਨੂੰ 2028 ਵਿੱਚ ਕਰਵਾਏ ਜਾਣ ਵਾਲੇ ਹਾਕੀ ਦੇ ਵਿਸ਼ਵ ਪੱਧਰੀ ਮੁਕਾਬਲਿਆਂ ਦੀ ਮੇਜ਼ਬਾਨੀ ਪ੍ਰਾਪਤ ਹੋ ਗਈ ਹੈ। ਇਹ ਮੁਕਾਬਲੇ ਅਲਬਰਟਾ ਦੇ ਸ਼ਹਿਰ ਕੈਲਗਰੀ ਅਤੇ ਐਡਮੰਟਨ ਵਿੱਚ ਕਰਵਾਏ ਜਾਣਗੇ, ਜਦਕਿ ਕੁਝ ਮੈਚ ਚੈਕ ਦੇਸ਼ ਵਿੱਚ ਵੀ ਹੋਣਗੇ। ਜਾਣਕਾਰੀ ਮੁਤਾਬਕ ਇਸ ਅੰਤਰਰਾਸ਼ਟਰੀ ਟੂਰਨਾਮੈਂਟ ਵਿੱਚ ਪੂਰੇ ਸੰਸਾਰ ਤੋਂ ਕੋਮਾਤਰੀ ਪੱਧਰ ਦੀਆਂ 8 ਟੀਮਾਂ ਭਾਗ ਲੈਣਗੀਆਂ ਅਤੇ ਇਹ ਮੁਕਾਬਲੇ ਫਰਵਰੀ 2028 ਵਿੱਚ ਕਰਵਾਏ ਜਾਣ ਦੀ ਯੋਜਨਾ ਦੱਸੀ ਜਾ ਰਹੀ ਹੈ। ਇਸ ਟੂਰਨਾਮੈਂਟ ਵਿੱਚ ਹਰੇਕ ਦੇਸ਼ ਦੀ ਟੀਮ ਆਪਣੇ




ਸਭ ਤੋਂ ਵਧੀਆ ਖਿਡਾਰੀਆਂ ਨਾਲ ਮੈਦਾਨ ਵਿੱਚ ਉਤਰੇਗੀ। ਅਲਬਰਟਾ ਦੇ ਕੈਲਗਰੀ ਅਤੇ ਐਡਮੰਟਨ ਸ਼ਹਿਰਾਂ ਨੇ ਸਾਂਝੇ ਤੌਰ ’ਤੇ ਮੇਜ਼ਬਾਨੀ ਲਈ ਅਰਜ਼ੀ ਦਿੱਤੀ ਸੀ, ਜਿਸਨੂੰ ਮਨਜ਼ੂਰੀ ਮਿਲਣ ਤੋਂ ਬਾਅਦ ਇਹ ਮੁਕਾਬਲੇ ਇਥੇ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਖੇਡ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਵੱਡੇ ਖੇਡ ਸਮਾਗਮ ਨਾਲ ਕਨੇਡਾ ਦੇ ਇਨ੍ਹਾਂ ਸ਼ਹਿਰਾਂ ਵਿੱਚ ਖੇਡ ਪ੍ਰੇਮੀਆਂ ਦੀ ਭਾਰੀ ਭੀੜ ਪਹੁੰਚੇਗੀ ਅਤੇ ਸਥਾਨਕ ਅਰਥਵਿਵਸਥਾ ਨੂੰ ਵੀ ਵੱਡਾ ਲਾਭ ਹੋਵੇਗਾ। ਇਹ ਅੰਤਰਰਾਸ਼ਟਰੀ ਹਾਕੀ ਮੁਕਾ–ਬਲੇ ਦੁਨੀਆ ਭਰ ਦੇ ਦਰਸ਼ਕਾਂ ਦੀ ਖਾਸ ਦਿਲਚਸਪੀ ਦਾ ਕੇਂਦਰ ਬਣਦੇ ਹਨ ਅਤੇ ਉਮੀਦ ਕੀਤੀ ਜਾ ਰਹੀ ਹੈ ਕਿ 2028 ਦਾ ਇਹ ਸਮਾਗਮ ਵੀ ਖੇਡ ਪ੍ਰੇਮੀਆਂ ਲਈ ਯਾਦਗਾਰ ਸਾਬਤ ਹੋਵੇਗਾ। ਕਨੇਡਾ ਦੇ ਬਹੁ ਗਿਣਤੀ ਖੇਡ ਪ੍ਰੇਮੀਆਂ ਚ ਇਸ ਸਬੰਧੀ ਉਤਸ਼ਾਹ ਦੀ ਭਾਵਨਾ ਮਹਿਸੂਸ ਕੀਤੀ ਜਾ ਰਹੀ ਹੈ।




Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com